# ਜਿਉਂਦੀਆਂ ਮਰਦੀਆਂ ਆਸਾਂ

(ਸ਼ਾਇਰੀ)

ਸਗ਼ੀਰ ਤਬੱਸੁਮ

ਮਕਤਬਾ ਰੌਸ਼ਨ ਖ਼ਿਆਲ, ਲਾਹੌਰ

ਸਭੇ ਹੱਕ ਲਿਖਾਰੀ ਦੇ

ਮੁੱਲ: 300ਰੁਪਏ

Jiundiaan Mardiaan Aasaan
(Punjabi poetry)
by Saghir Tabassum
Price: Rs. 300, $30

# ਇੰਤਿਸਾਬ

ਕਿਸ ਦੇ ਨਾਮ ਕੰਵਾਰੀਆਂ ਅੱਖਾਂ
ਕਿਸ ਦੇ ਨਾਮ ਸ਼ਰਾਬਾਂ
ਕਿਸ ਦੇ ਨਾਮ ਮੁਹੱਬਤ ਕਰੀਏ
ਕਿਸ ਦੇ ਨਾਮ ਕਿਤਾਬਾਂ......?

ਚੋਣ:  ਜ਼ਾਵਰ ਵਹੀਦ

# ਤਰਤੀਬ


| | | |
|---|---|---|
| ਤਾਸਰਾਤ / ਅਨਵਰ ਮਸਊਦ | | 9 |
| ਮੁਰਦਿਆਂ ਆਸਾਂ ਦਾ ਜਿਊਂਦਾ ਸ਼ਾਇਰ / ਸਲੀਮ ਸ਼ਹਿਜ਼ਾਦ | | 11 |
| ਕੁੱਝ ਆਪਣੇ ਵੱਲੋਂ / ਸਗ਼ੀਰ ਤਬੱਸੁਮ | | 15 |
| 1। | ਰੱਬ | 19 |
| 2। | ਹਮਦ-ਏ- ਬਾਰੀ ਤਾਅਲਾ | 20 |
| 3। | ਨਾਅਤੇ ਰਸੂਲ-ਏ- ਮਕਬੂਲ ú | 21 |
| 4। | ਅਸਾਂ ਇੰਜ ਨਹੀਂ ਲਿਖਦੇ ਦੁੱਖਾਂ ਨੂੰ | 22 |
| 5। | ਮੈਂ | 24 |
| 6। | ਹਨ ਖੋਲਦੇ ਅੱਖਾਂ ਸੂਰਜਾ | 25 |
| 7। | ਯਾਂ ਤੋਂ ਸਾਨੂੰ ਜਾਨੋਂ ਚੁੱਕ ਲੈ | 26 |
| 8। | ਦੁੱਖਾਂ ਦੇ ਗਲ ਟੱਲੀਆਂ ਬੰਨ੍ਹੋ | 27 |
| 9। | ਇੰਜ ਥਾਂ ਥਾਂ ਦਲ ਨੂੰ ਖੋਲਦੇ ਨਹੀਂ | 28 |
| 10। | ਬੱਝੀ ਅੱਗ ਦੇ ਫ਼ਿਰ ਅੰਗਾਰੇ ਜਾਗ ਪਏ | 29 |
| 11। | ਇੱਕ ਸੁਹਾਨੀ ਯਾਦ | 30 |
| 12। | ਫ਼ਸਲਾਂ ਤੇ ਪ੍ਰਧਾਨ ਖੜੇ ਸੀ | 32 |
| 13। | ਕਲੰਦਰ | 33 |
| 14। | ਭਾਵੇਂ ਇਕ ਦੋ ਸਾਲ ਰਿਹਾ ਵਾਂ | 34 |
| 15। | ਡਰਾਵਣੀ ਵਸਤੀ | 35 |
| 16। | ਮੱਤ | 36 |
| 17। | Hallucination o | 37 |
| 18। | ਕਿਤੇ | 38 |
| 19। | ਪਾਗਲ ਨਜ਼ਮ | 39 |
| 20। | ਕਾਹਦੇ ਜਸ਼ਨ ਮਨਾਵਾਂ ? | 40 |
| 21। | ਸੋਚਾਂ ਕੰਡੇ ਸਹਿਣ! | 42 |
| 22। | ਤੇਰਾ ਤੇ ਕੁੱਝ ਕਹਿ ਨਹੀਂ ਸਕਦਾ | 43 |

| | | |
|---|---|---|
| 23। | ਫ਼ਿਰ ਸਿਰਾਂ ਦੇ ਸੌਦੇ ਹੋ ਗਏ | 44 |
| 24। | ਇਕ ਨਜ਼ਮ ਉਹਦੇ ਲਈ | 45 |
| 25। | ਇਕ ਹੋਰ ਦਸੰਬਰ ਲੰਘ ਗਿਆ | 46 |
| 26। | ਅੱਖਾਂ ਉਤੋਂ ਪੱਟੀ ਲਾਹ ਕੇ ਹਨ ਤੇ ਬੰਦਿਆ ਜਾਗ | 47 |
| 27। | ਧੀਆਂ! | 48 |
| 28। | ਸਾਵਣ | 49 |
| 29। | ਨਰਗਸੀਤ | 50 |
| 30। | ਰੱਖਦਾ ਵੈਣ | 51 |
| 31। | ਵੱਡੇ ਲਿਖਾਰੀ | 53 |
| 32। | ਬਾ ਕੇ ਚਰਖ਼ਾ ਕੱਤ | 54 |
| 33। | ਇਕ ਮਸੀਤ ਦੀ ਡਿੱਗੀਆਂ ਕੰਧਾਂ(ਨਜ਼ਮ) | 55 |
| 34। | ਖ਼ੁਸ਼ੀਆਂ ਖ਼ਾਤਿਰ(ਨਜ਼ਮ) | 56 |
| 35। | ਅਸਾਂ ਟੁਰ ਜਾਣਾ ਕਿਤੇ ਹੋਰ ਮੀਆਂ | 57 |
| 36। | ਜਾਦੂ ਅੱਖਾਂ (ਨਜ਼ਮ) | 59 |
| 37। | ਇਕ ਕਬਰ ਦੀ ਮਿੱਟੀ ਵਿਚੋਂ ਹਰਦਮ ਖ਼ੁਸ਼ਬੂ ਆਵੇ (ਨਜ਼ਮ)60 | |
| 38। | ਅੰਨ੍ਹਾ ਚਾਨਣ | 61 |
| 39। | ਰਿਜ਼ਕ ਦਾ ਚੱਕਰ | 62 |
| 40। | ਇਕ ਤਨਖ਼ਾਹਦਾਰ ਕਾਮੇ ਦੀ ਸੋਚ | 63 |
| 41। | ਲੇਖ | 64 |
| 42। | ਪਲ ਪਲ ਅੰਦਰ ਪਲਦੀਆਂ ਸੋਚਾਂ | 65 |
| 43। | ਮਾਹੀਆ ਵੇ | 66 |
| 44। | ਕਿਸੀ ਕੰਧ ਉਸਾਰ ਗਿਆ | 68 |
| 45। | ਮਿੱਟੀ ਦੀ ਖ਼ੁਸ਼ਬੂ | 69 |
| 46। | ਪਾਣੀ ਪੰਜ ਦਰਿਆਵਾਂ ਦੇ | 70 |
| 47। | ਰਾਤ ਦੀ ਰਾਣੀ | 71 |
| 48। | NGOs o | 72 |
| 49। | ਲੇਖ ਨਾ ਲੈਕੇ ਜਾਵਣ | 73 |
| 50। | ਸੋਚਾਂ ਕਿਧਰੇ ਪਾਸੇ ਰੱਖ | 74 |
| 51। | ਕਾਲ਼ੀ ਰਾਤ ਨੂੰ ਟਾਲ਼ ਕੇ ਰੱਖੀਂ | 75 |
| 52। | ਪਰਨਾਲ਼ਾ | 76 |
| 53। | ਕੋੜ੍ਹ ਦੇ ਮਾਰੀਆਂ ਪਿੰਡੀਆਂ ਅਤੇ(ਨਜ਼ਮ) | 77 |
| 54। | ਧਰਤੀ ਛੱਡਕੇ ਅਸਮਾਨਾਂ ਤੋਂ (ਨਜ਼ਮ) | 78 |
| 55। | ਉਡੀਕ | 79 |
| 56। | ਸਤਲੁਜ ਕੰਡੇ ਰਹਿਣ ਵਾਲੀਆਂ ਲਈ | 80 |
| 57। | ਵੇਲੇ ਦਾ ਚੱਕਰ | 81 |
| 58। | ਓਥੇ ਸਾਰੇ ਭੇਸ ਪਰਾਏ | 82 |
| 59। | ਜਿਹੜੇ ਮੰਜ਼ਰ ਅੱਖੀਆਂ ਕੋਲੋਂ ਓਲ੍ਹੇ ਸਨ | 83 |

| | | |
|---|---|---|
| 60। | ਰੋਂਦੀ ਅੱਖ ਨੂੰ ਮੰਗਵੇਂ ਹਾਸੇ ਦੇਣੇ ਨਹੀਂ | 84 |
| 61। | ਮੁਲਾ | 85 |
| 62। | ਨਜ਼ਮ | 86 |
| 63। | ਨਜ਼ਮ | 87 |
| 64। | ਧੀ ਰਾਣੀ | 88 |
| 65। | ਖ਼ਾਲੀ ਛਣਾ | 89 |
| 66। | ਨਜ਼ਮ | 90 |
| 67। | ਕਿਧਰ ਜਾਈਏ | 91 |
| 68। | ਯਕਮ ਮਈ ਦੀ ਛੁੱਟੀ ਤੇ ਮਜ਼ਦੂਰਾਂ ਦਾ ਸਵਾਲ | 92 |
| 69। | ਰੱਬਾ ਖ਼ੈਰ ਹੋਵੇ | 93 |
| 70। | ਥੋੜੀ ਦੇਰ ਨਿਗਾਹਵਾਂ ਡੱਕ ਲੈ | 94 |
| 71। | ਥਲ ਦੇ ਵਾਸੀ | 95 |
| 72। | ਆਦਮਖ਼ੋਰ | 97 |
| 73। | ਸੋਚਾਂ ਅੰਦਰ ਕਾਲੀਆਂ ਰਾਤਾਂ (ਨਜ਼ਮ) | 98 |
| 74। | ਮੰਜ਼ਰ ਅੰਦਰ ਮੰਜ਼ਰ ਨੱਚੀ ਜਾ ਰਹੇ ਨੇਂ | 99 |
| 75। | ਕੱਚੇ ਜਹਿਨਾਂ ਵਾਲੀਆਂ ਕੁੜੀਆਂ (ਨਜ਼ਮ) | 100 |
| 76। | ਆਪਣੇ ਘਰ ਤੋਂ ਬਾਹਰ ਨਹੀਂ ਜਾਂਦੀ | 101 |
| 77। | ਜਾ ਸੀਨੇ ਦੇ ਵਿਚ ਵੱਜਦਾ | 102 |
| 78। | ਸਾਰੀ ਵਸਤੀ ਦੁੱਖ ਦੇ ਅੰਦਰ | 103 |
| 79। | ਦਿਲ ਵਿਚ ਯਾਦਾਂ (ਨਜ਼ਮ) | 104 |
| 80। | ਸਮਝ ਕੀ ਆਵੇ? | 105 |
| 81। | ਵਾਹ ਓਏ ਤਰੱਕੀ | 106 |
| 82। | ਵੇਖੀਂ ਮੇਰੀ ਗੱਲ ਨਾ ਭੁੱਲੀਂ | 107 |
| 83। | ਆਖ਼ਰੀ ਵੇਲਾ | 108 |
| 84। | ਸੀਨਿਆਂ ਵਿਚੋਂ (ਨਜ਼ਮ) | 109 |
| 85। | ਸੂਰਜ ਬਾਲ ਕੇ ਚਾਨਣ ਕੀਤਾ (ਨਜ਼ਮ) | 110 |
| 86। | ਐਨੇ ਸਖ਼ਤ ਸਵਾਲ ਨਾ ਪੁੱਛੋ | 111 |
| 87। | ਝੂਠੇ ਦਾਵੇਦਾਰ ਬੜੇ ਨੇਂ | 112 |
| 88। | ਅੱਖਾਂ ਨਾਲ ਕਲਾਮ ਨਾ ਕਰ ਨੀ | 113 |
| 89। | ਗ਼ਰੀਬ | 114 |
| 90। | ਜਸ਼ਨ–ਏ– ਆਜ਼ਾਦੀ | 115 |
| 91। | ਫ਼ਿਰ ਅੱਖਾਂ ਵਿਚ ਨੱਚਣ ਲੱਗ ਪਏ | 116 |
| 92। | ਕਥਾਰਸਿਸ | 117 |
| 93। | ਇਕ ਬੋਲੀ ਲਹੌਰ ਲਈ | 118 |
| 94। | ਕਠਪੁਤਲੀਆਂ | 119 |
| 95। | ਜਦ ਮੈਂ ਇੱਕ ਮਜ਼ਦੂਰ ਸੀ ਲੋਕੋ | 120 |
| 96। | ਵਿਛੋੜਾ | 121 |

| | | |
|---|---|---|
| 97। | ਇੱਕ ਹੋਰ ਮਾਯੂਸੀ | 122 |
| 98। | ਅਸਾਂ ਬਰਫ਼ਾਂ ਵਾਂਗਰ ਠੰਢੇ ਸੀ(ਨਜ਼ਮ) | 123 |
| 99। | ਪਿਛਲੇ ਪਹਿਰ ਦੀ ਨਜ਼ਮ | 124 |
| 100। | ਇਕਲਾਪਾ | 125 |
| 101। | ਨਾ ਮਿਲਾ ਨਾ ਪੰਡਤ ਮਨੇ | 126 |
| 102। | ਐਵੇਂ ਗੱਲਾਂ ਕਰਦਾ ਏ | 127 |
| 103। | ਦਿਲ ਦੇ ਤਾਰ ਹਿਲਾ ਜਾਂਦਾ ਏ | 128 |
| 104। | ਦਿਨ ਦੇ ਮੋਨਹ ਤੇ ਰਾਤ ਦੀ ਕਾਲਕ ਮਿਲ ਜਾਂਦੇ ਨੇਂ | 129 |
| 105। | ਕੋਈ ਡੀਨ ਸਮੁੰਦਰੋਂ ਪਾਰ ਦੀ (ਨਜ਼ਮ) | 130 |
| 106। | ਇਸ਼ਕ ਬੁਲਾਵੇ ਦਰਿਆ ਪਾਰ | 131 |
| 107। | ਆਪਣੀ ਗੱਲ ਤੇ ਆਪ ਉੜੀ ਆਂ | 132 |
| 108। | ਤੁਸਾਂ ਉੱਚੇ ਬੁਰਜ ਲਹੋਰ ਦੇ! | 133 |
| 109। | ਵਿਛੋੜੇ ਦਾ ਦੁੱਖ | 135 |

O

ਗ਼ਾਲਿਬ ਨੇ ਆਖਿਆ ਸੀ। ਹੈ ਆਦਮੀ ਬਜਾਏ ਖ਼ੁਦ ਇਕ ਮਹਿਸ਼ਰ-ਏ-ਖ਼ਿਆਲ। "ਜਿਉਂਦੀਆਂ ਮਰਦੀਆਂ ਆਸਾਂ" ਸਗ਼ੀਰ ਤਬੱਸੁਮ ਦੇ ਮਹਿਸ਼ਰ-ਏ-ਖ਼ਿਆਲ ਦਾ ਇੱਕ ਨਿਵੇਕਲਾ ਨਮੂਨਾ ਏ। ਸੋਚਾਂ ਈ ਸੋਚਾਂ, ਵਨ– ਸਵੰਨੀਆਂ ਸੋਚਾਂ, ਜ਼ਮਾਨੇ ਭਰ ਦੀਆਂ ਸੋਚਾਂ, ਹੁਲਾਰੇ ਖਾਂਦੀਆਂ ਸੋਚਾਂ, ਪੈਲਾਂ ਪਾਂਦੀਆਂ ਸੋਚਾਂ, ਦੁੱਖਾਂ ਭਰੀਆਂ, ਭਖ਼ਦੀਆਂ ਤੇ ਧੁਖ਼ਦੀਆਂ ਸੋਚਾਂ। ਅਤਥਰੀਆਂ ਤੇ ਅੱਥਰੂ ਕੱਢ ਦੇਣ ਵਾਲੀਆਂ ਸੋਚਾਂ! ਇੰਜ ਲੱਗਦਾ ਏ ਸਗ਼ੀਰ ਤਬੱਸੁਮ ਨੇ ਆਪਣੇ ਇੱਸ ਮਜਮੂਏ ਵਿੱਚ ਢੇਰ ਸਾਰੀਆਂ ਸੋਚਾਂ ਦਾ ਖਲ੍ਹਾਰ ਪਾਇਆ ਹੋਇਆ ਏ।

ਪਲ ਪਲ ਅੰਦਰ ਪਲ ਦੀਆਂ ਸੋਚਾਂ ਆਉਣ ਵਾਲੇ ਕੱਲ੍ਹ ਦੀਆਂ ਸੋਚਾਂ
ਤੈਨੂੰ ਕਿਵੇਂ ਦੱਸਾਂ ਬੀਬਾ ਸਾਨੂੰ ਕਿਹੜੀ ਗੱਲ ਦੀਆਂ ਸੋਚਾਂ

ਇਨ੍ਹਾਂ ਸੋਚਾਂ ਦਾ ਖ਼ੁਲਾਸਾ ਇਹ ਵੇ ਕਿ ਸਗ਼ੀਰ ਤਬੱਸੁਮ ਮੁਹੱਬਤ ਤੇ ਪਿਆਰ ਦਾ ਪਯਾਮੀ ਏ। ਉਹਦਾ ਦਿਲ ਕਰਦਾ ਏ ਕਿ ਸਾਡੀ ਧਰਤੀ ਲੋਭ, ਵੈਰ, ਨਫ਼ਰਤ, ਹਵਸ ਤੇ ਇਹੋ ਜਿਹੇ ਐਬਾਂ ਤੋਂ ਪਾਕ ਸਾਫ਼ ਹੋ ਜਾਏ। ਧਰਤੀ ਦੀ ਇੱਸ ਡਰਾਉਣੀ ਸੂਰਤ ਨੇ ਸਗ਼ੀਰ ਨੂੰ ਪਾਗਲ ਬਣਾ ਛੱਡਿਆ ਏ। ਉਹ ਇੱਕ ਇੱਸੇ ਕਲੰਦਰ ਨੂੰ ਉਡੀਕ ਰਿਹਾ ਏ ਜਿਹੜਾ ਪਾਪੀ ਜੁੱਸਿਆਂ ਵਿੱਚੋਂ ਕ੍ਰੋਧ ਵਾਲੀ ਕਾਲੀ ਤੇ ਗੰਦੀ ਰੱਤ ਨਿਚੋੜ ਕੇ ਉਨ੍ਹਾਂ ਨੂੰ ਜ਼ਮਜ਼ਮ ਨਾਲ ਧੋ ਕੇ ਪਾਕ ਕਰੇ।

ਸਗ਼ੀਰ ਨੇ ਛੋਟੀਆਂ ਛੋਟੀਆਂ ਨਜ਼ਮਾਂ ਤੇ ਛੋਟੇ ਬਹਿਰ ਦੀਆਂ ਗ਼ਜ਼ਲਾਂ ਦਾ ਐਸਾ ਵਿਖਾਲਾ ਪਾਇਆ ਏ ਕਿ ਦਿਲ ਵਿੱਚੋਂ ਬੇਸਾਖ਼ਤਾ ਦਾਦ ਨਿਕਲਦੀ ਏ। ਸੱਚ ਪੁੱਛੋ ਤੇ "ਸਗ਼ੀਰ" ਦਾ ਲਫ਼ਜ਼ ਉਹਦੇ ਫ਼ਨ ਦਾ ਕਲੀਦੀ ਲਫ਼ਜ਼ ਏ। ਉਹਨੂੰ ਇਸ਼ਾਰੇ ਤੇ ਕਨਾਏ ਨਾਲ ਗੱਲ ਕਰਨ ਦਾ ਬੜਾ ਸੁਥਰਾ ਢੰਗ ਆਂਦਾ ਏ। ਉਹਦਾ ਕਲਾਮ ਤਫ਼ਸੀਲਾਂ ਦੇ ਅਜਮਾਲ ਦਾ ਇਕ ਰੂਪ ਏ। ਸਗ਼ੀਰ ਤਬੱਸੁਮ ਦੇ ਕਲਾਮ ਵਿੱਚੋਂ ਮੈਨੂੰ ਬੁਲ੍ਹੇ ਸ਼ਾਹ, ਮੁਨੀਰ ਨਿਆਜ਼ੀ, ਸ਼ਰੀਫ਼ ਕੁੰਜਾਹੀ ਤੇ ਬਸ਼ੀਰ ਮੁੰਜ਼ਰ ਦੇ ਲਹਿਜਿਆਂ ਦੀ ਖ਼ੁਸ਼ਬੂ ਆਉਂਦੀ ਏ। ਇਨ੍ਹਾਂ ਲਹਿਜਿਆਂ ਨੇ ਰਲ ਮਿਲ ਕੇ ਇੱਕ ਵੱਖਰਾ ਲਹਿਜਾ ਤਸ਼ਕੀਲਿਆ ਏ। ਇੱਸ ਲਹਿਜੇ ਦੇ ਕੁੱਝ ਨਮੂਨੇ ਮੁਲਾਹਜ਼ਾ ਫ਼ਰਮਾਓ:

ਆਪਣੇ ਘਰ ਤੋਂ ਬਾਹਰ ਨਹੀਂ ਜਾਂਦੀ
ਸੋਚ ਸਮੁੰਦਰੋਂ ਪਾਰ ਨਹੀਂ ਜਾਂਦੀ
ਜਿਥੇ ਮਾਂਵਾਂ ਅੱਥਰੂ ਸੁੱਟਣ
ਓਥੋਂ ਰੱਬ ਦੀ ਮਾਰ ਨਹੀਂ ਜਾਂਦੀ
ਦਾਰੂ ਸਮਝ ਕੇ ਪੀ ਜਾਵਾਂਗਾ
ਸਾਰੇ ਦੁੱਖ ਉਬਾਲ ਕੇ ਰੱਖੀਂ

ਯਾਂ ਤੂੰ ਸਾਨੂੰ ਜਾਨੋਂ ਚੁੱਕ ਲੈ
ਨਹੀਂ ਤੇ ਦੁੱਖ ਜਹਾਨੋਂ ਚੁੱਕ ਲੈ
ਯਾਂ ਧਰਤੀ ਤੋਂ ਰਾਤ ਮੁਕਾ ਦੇ
ਯਾਂ ਸੂਰਜ ਅਸਮਾਨੋਂ ਚੁੱਕ ਲੈ
ਮਿੱਟੀ ਨੂੰ ਬੱਸ ਰਹਿਣ ਦੇ ਮਿੱਟੀ
ਸਾਰਾ ਜ਼ਹਿਰ ਇਨਸਾਨੋਂ ਚੁੱਕ ਲੈ
ਕਿੰਜ ਲਿੱਖਾਂ ਮੈਂ ਲਾਲ ਗੁਲਾਬ
ਬਹਿ ਕੇ ਕੰਡਿਆਂ ਦੇ ਵਿਚਕਾਰ
ਇੱਡੇ ਕੌੜੇ ਬੋਲ ਨਾ ਬੋਲ
ਗੱਲਾਂ ਵਿੱਚ ਪਤਾਸੇ ਰੱਖ
ਕੋਈ ਡੈਨ ਸਮੁੰਦਰੋਂ ਪਾਰ ਦੀ
ਸਾਡਾ ਵੱਸਦਾ ਘੱਰ ਉਜਾੜ ਗਈ
ਸਾਨੂੰ ਅੰਦਰੋਂ ਬਾਹਰੋਂ ਸਾੜ ਗਈ!

ਇਕ ਬੱਚੇ ਦੇ ਹੱਥ ਕਿਤਾਬਾਂ ਫੜੀਆਂ ਸੀ
ਇਕ ਬੱਚੇ ਦੇ ਹੱਥ ਕਰਾਰੇ ਛੋਲੇ ਸਨ
ਅਸੀਂ ਡੱਬੇ ਵਿੱਚ ਸ਼ਰਾਬ ਦੇ
ਸਾਨੂੰ ਲੋਕੀ ਕਹਿਣ ਫ਼ਕੀਰ
ਕੈਸੀ ਕੰਧ ਉਸਾਰ ਗਿਆ
ਥਾਂ–ਥਾਂ ਦੁੱਖ ਖਲ੍ਹਾਰ ਗਿਆ
ਇੱਕ ਪਰਛਾਵਾਂ ਅਪਣਾ ਸੀ
ਉੱਸ ਦਾ ਵੀ ਇਤਬਾਰ ਗਿਆ

ਮੇਰੀ ਦੁਆ ਏ ਕਿ ਬਾਰੀ ਤਆਲਾ ਸਗ਼ੀਰ ਤਬੱਸੁਮ ਦੇ ਕਲਾਮ ਵਿੱਚ ਹੋਰ ਬਰਕਤ ਪਾਵੇ। ਉਹਦੀਆਂ ਆਸਾਂ ਸਲਾਮਤ ਰਹਿਣ ਤੇ ਇੱਸ ਧਰਤੀ ਨੂੰ ਉਹ ਸੋਹਣਾ ਸਮਾਂ ਨਸੀਬ ਹੋਵੇ ਕਿ ਅਸੀਂ ਸਗ਼ੀਰ ਤਬੱਸੁਮ ਨਾਲ ਰੱਲ ਕੇ ਉਹਦਾ ਜਸ਼ਨ ਮਣਾਈਏ। ਆਮੀਨ!

**ਅਨਵਰ ਮਸਊਦ**
13 ਮਾਰਚ2018

# ਮਰਦੀਆਂ ਆਸਾਂ ਦਾ ਜਿਊਂਦਾ ਸ਼ਾਇਰ

ਅਜੋਕੇ ਵਸੇਬ ਵੱਲ ਧਿਆਨ ਮਾਰੀਏ ਤੇ ਇੰਝ ਲੱਗਦਾ ਏ ਬਈ ਸਾਡੇ ਸਮਾਜ ਤੇ ਰਹਿਤਲ ਵਿੱਚ ਲੋਕਾਈ ਇਕ ਦੂਜੇ ਦੇ ਦੁੱਖ ਸੁੱਖ ਤੋਂ ਵਾਂਝੀ ਹੋ ਕੇ ਵੱਖੋ ਵੱਖ ਜੀਵਨ ਦਾ ਆਹਰ ਪਈ ਕਰਦੀ ਏ, ਤੇ ਵੱਖੋ ਵੱਖ ਹੋ ਕੇ ਜੀਵਨ ਦਾ ਮਤਲਬ ਇਕ ਦੂਜੇ ਨਾਲ ਸਾਂਝ ਨਾ ਹੋਣਾ ਏ। ਜੂੰ ਜੂੰ ਵੇਲਾ ਲੰਘਦਾ ਜਾਂਦਾ ਏ ਟਾਵੀਂ ਟਾਵੀਂ ਸਾਂਝ ਵੀ ਘੱਟਦੀ ਜਾਂਦੀ ਏ। ਸਾਂਝ ਦੇ ਮੁੱਕਣ ਤੋਂ ਜ਼ਾਹਿਰ ਹੁੰਦਾ ਏ ਕਿ ਅਜੋਕਾ ਸ਼ਾਇਰ ਆਪਣੀ ਸ਼ਾਇਰੀ ਰਾਹੀਂ ਲੋਕਾਂ ਅੰਦਰ ਵਿੱਥ ਮੁਕਾਣ ਦਾ ਕੰਮ ਚੰਗੇ ਤੋਰ ਤੇ ਨਹੀਂ ਕਰ ਰਿਹਾ ਏ ਯਾਂ ਫ਼ਰ ਉਹ ਸਾਂਝ ਤੇ ਬਨਾਣਾ ਚਾਹੁੰਦਾ ਏ ਪਰ ਬਣ ਨਹੀਂ ਪਾਂਦੀ। ਸ਼ਾਇਰ ਦਾ ਵੱਡਾ ਕੰਮ ਤੇ ਲੋਕਾਂ ਨਾਲ ਲੋਕਾਈ ਨੂੰ ਜੋੜਨਾ ਤੇ ਆਪ ਵੀ ਜੁੜ ਕੇ ਲੋਕਾਈ ਬਣ ਜਾਣਾ ਏ। ਸ਼ਾਇਰ ਸਮਾਜ ਦੀ ਸੁਧਾਰ ਦਾ ਰੂਪ ਹੁੰਦਾ ਏ ਤੇ ਸ਼ਾਇਰ ਦੀ ਆਵਾਜ਼ ਸਮਾਜ ਦੀ ਆਵਾਜ਼ ਹੁੰਦੀ ਏ।

ਅੱਜ ਦੇ ਸ਼ਾਇਰਾਂ ਦੀ ਸ਼ਾਇਰੀ ਵੱਲ ਗੋਹ ਕਰੀਏ ਤੇ ਜਾਪਦਾ ਏ ਕਿ ਹਰ ਸ਼ਾਇਰ ਆਪਣੀ ਮਾਨਤਾ ਦਾ ਆਹਰ ਕਰਕੇ ਸਾਂਝ ਵੱਲੋਂ ਬੇਧਿਆਨਾ ਹੋ ਰਿਹਾ ਏ ਜਿਹਦੀ ਵਜ੍ਹਾ ਤੋਂ ਸ਼ਾਇਰ ਤੇ ਸ਼ਾਇਰੀ ਆਪਣੀ ਥਾਂ ਤੋਂ ਕੁੱਝ ਕੁੱਝ ਥੱਲੇ ਡਿੱਗਦੀ ਨਜ਼ਰ ਆਂਦੀ ਏ ਤੇ ਇਹ ਹਾਲ ਅਕਸਰੀ ਸ਼ਾਇਰੀ ਦਾ ਏ।

ਜਦੋਂ ਮੈਂ ਸਗ਼ੀਰ ਤਬੱਸੁਮ ਹੋਰਾਂ ਦੇ ਦੂਜੇ ਸ਼ਿਅਰੀ ਪਰਾਗੇ "ਜਿਉਂਦੀਆਂ ਮਰਦੀਆਂ ਆਸਾਂ" ਤੇ ਨਜ਼ਰ ਮਾਰਦਾਂ ਤੇ ਮੈਨੂੰ ਖ਼ੁਸ਼ੀ ਹੁੰਦੀ ਏ ਕਿ ਸਗ਼ੀਰ ਤਬੱਸੁਮ ਹੋਰੀਂ ਇੱਸ ਦੁਨੀਆ ਤੇ ਇੱਸ ਦੁਖੀ ਸਮਾਜ ਦੇ ਉਹ ਸੱਚਲ ਸ਼ਾਇਰ ਨੇਂ ਜਿਹਨਾਂ ਆਪਣੀ ਸ਼ਾਇਰੀ ਵਿੱਚ ਉਹ ਮੌਜ਼ੂਅ ਤੇ ਖ਼ਿਆਲ ਚੁਣੇ ਜਿਹੜੇ ਨਾ ਸਿਰਫ਼ ਇਨ੍ਹਾਂ ਨਾਲ ਵਾਪਰੇ ਸਗੋਂ ਵਸੇਬ ਨਾਲ ਗੂੜ੍ਹੀ ਸਾਂਝ ਵੀ ਰੱਖਦੇ ਨੇਂ।

ਫ਼ਸਲਾਂ ਤੇ ਪ੍ਰਧਾਨ ਖੜੇ ਸੀ
ਖ਼ਾਲੀ ਹੱਥ ਕਿਸਾਨ ਖੜੇ ਸੀ
ਬੁੱਲ੍ਹੀਆਂ ਉੱਤੇ ਚੁੱਪ ਸਮੰਦਰ
ਸੀਨਿਆਂ ਵਿੱਚ ਤੂਫ਼ਾਨ ਖੜੇ ਸੀ

ਜਦੋਂ ਆਸਾਂ ਮਰ ਜਾਵਣ ਤੇ ਹਯਾਤੀ ਗਿੱਲਾ ਕਾਗ਼ਜ਼ ਬਣ ਕੇ ਨਾ ਲਿਖਣ ਜੋਗ ਰਹਿੰਦੀ ਏ ਤੇ ਨਾ ਈ ਪੜ੍ਹਨ ਜੋਗ, ਤਾਹੀਓਂ ਤੇ ਹੁਲਾਰੇ ਖਾਂਦੀ ਸੋਚ ਨੇਰ੍ਹੇ ਪੜ੍ਹਦੀਆਂ ਲਾਸ਼ਾਂ ਨੂੰ ਵੇਖ ਕੇ ਆਪਣੇ ਸਾਹ ਘੁੱਟ ਲੈਂਦੀ ਏ ਤੇ ਜਦੋਂ ਸਾਹ ਘੁੱਟੇ ਜਾਣ ਤੇ ਜੀਭਾਂ ਤੇ ਗੂੰਗੀਆਂ ਹੋਣੀਆਂ ਈ ਨੇਂ। ਪਰ ਇੱਸ ਸਾਰੇ ਮੰਜ਼ਰਨਾਮੇ ਵਿੱਚ ਵੀ ਸਗ਼ੀਰ ਬੇਵੱਸਾ ਨਹੀਂ ਹੁੰਦਾ, ਉਹ ਸੂਰਜ ਦੀਆਂ ਅੱਖਾਂ ਖੋਲ੍ਹ ਕੇ ਦੁੱਖਾਂ ਦੇ ਗੱਲ ਵਿੱਚ ਟੱਲੀਆਂ ਬੰਨ੍ਹ ਕੇ ਇਕ ਅਜਿਹੀ ਵਸਤੀ ਦਾ ਖ਼ਾਬ ਵੇਖਦਾ ਏ ਜਿੱਥੇ ਪਿਆਰ ਦੇ ਮੇਲੇ ਆਸ ਦੀਆਂ ਧਮਾਲਾਂ ਪਾ ਕੇ ਡਰੀਆਂ ਸ਼ਕਲਾਂ ਨੂੰ ਪੂਰੇ ਕਰਦਿਆਂ ਇਕ ਅਜਿਹੇ ਸਮਾਜ ਦੀ ਨੀਂਹ ਰੱਖਦੇ ਨਜ਼ਰ ਆਉਂਦੇ ਨੇਂ, ਜਿੱਥੇ ਚਾਹਵਾਂ ਤੇ ਸੱਧਰਾਂ ਝਾਂਜਰ ਛਣਕਾ ਕੇ ਆਪਣੇ ਨਵੇਂ ਹੋਣ ਦਾ ਭਰਪੂਰ ਇਸਾਸ ਦਿਲਾਂਦੀਆਂ ਨੇਂ।

ਸਗ਼ੀਰ ਤਬੱਸੁਮ ਦੀ ਸ਼ਾਇਰੀ ਆਪਣੇ ਵਸੇਬੀ ਇਸਤਿਆਰੇ ਲੈ ਕੇ ਵਸੇਬ ਨਾਲ ਜੁੜ ਕੇ ਭਰਪੂਰ ਤਰੀਕੇ ਨਾਲ ਸਮਾਜ ਤੀਕ ਅੱਪੜੀ ਏ ਤੇ ਕਿਸੇ ਵੀ ਸ਼ਾਇਰੀ ਦਾ ਆਪਣੇ ਵਸੇਬ ਨਾਲ ਇੱਸ ਤਰਾਂ ਜੁੜਨਾ ਈ ਬਹੁਤ ਵੱਡਾ ਕਮਾਲ ਏ।

ਦੁੱਖਾਂ ਦੇ ਗਲ ਟੱਲੀਆਂ ਬੰਨ੍ਹੋ
ਚੁੱਪ ਚੁਪੀਤੇ ਜਾਂਦੇ ਨੇਂ
ਸਾਰੀ ਵਸਤੀ ਢਾਹ ਜਾਂਦੇ ਨੇਂ......!

ਸੋਚ ਦੀ ਵੰਝਲੀ, ਰਾਤਾਂ ਘੋਟ ਕੇ ਪੀਣਾ, ਕੁੱਕੜ ਦੇਣ ਸਦਾਵਾਂ, ਅੰਨ੍ਹਾ ਚਾਨਣ, ਮਾਸ ਦਾ ਬਾਲਣ, ਬਰਸਾਤਾਂ ਦੇ ਜੁਗਨੂੰ, ਮਿੱਟੀ ਦਾ ਜੂਨ ਵਟਾਣਾ, ਹਾੜ੍ਹ ਕਿਨਾਰੇ ਬਹਿਣਾ, ਬਰਫ਼ ਦੇ ਹੱਥ, ਦਾਰੂ ਵਰਗੇ ਹੋਂਠ, ਯਾਦ ਦੇ ਘੁੰਘਰੂ ਜਿਹੀਆਂ ਨਵੀਆਂ ਤੇ ਦਿਲ ਮੋਹ ਲੈਣ ਵਾਲੀਆਂ ਤਰਕੀਬਾਂ ਵਰਤਣ ਵਾਲਾ ਸਗ਼ੀਰ ਤਬੱਸੁਮ ਜਦੋਂ ਆਪਣੇ ਅੰਦਰ ਝਾਤੀ ਮਾਰਦਾ ਏ ਤਾਂ ਪੋਹ ਮਾਘ ਦੀਆਂ ਰਾਤਾਂ ਹਿਜਰ ਦੀਆਂ ਬਰਸਾਤਾਂ ਬਣ ਕੇ ਕੋਰਾ ਸੇਕਣ ਲੱਗ ਪੈਂਦੀਆਂ ਨੇਂ:

ਪੋਹ ਮਾਘ ਦੀਆਂ ਰਾਤਾਂ ਅੰਦਰ
ਹਿਜਰ ਦੀਆਂ ਬਰਸਾਤਾਂ ਅੰਦਰ
ਯਾਦਾਂ ਦੀ ਅੰਗੀਠੀ ਬਾਲ ਕੇ
ਕੋਰਾ ਸੇਕਦੀ ਰਹਿਣੀ ਆਂ
ਬੂਹਾ ਵੇਖਦੀ ਰਹਿਣੀ ਆਂ...!

ਸਗ਼ੀਰ ਤਬੱਸੁਮ ਆਪਣੇ ਵਸੇਬ ਦੇ ਹਰ ਦੁੱਖ ਨੂੰ ਅੰਦਰੋਂ ਮਹਿਸੂਸ ਕਰਦਾ ਏ ਤਾਈਓਂ ਸਤਲੁਜ ਦੇ ਕੰਢੇ ਰਹਿੰਦਿਆਂ ਹੋਇਆਂ ਇਹਦੇ ਤੋਂ ਸਤਲੁਜ ਦਾ ਬੰਜਰ ਸੀਨਾ ਤੱਕਿਆ ਨਹੀਂ ਗਿਆ ਤੇ ਚੀਕ ਚੀਕ ਕੇ ਆਖਦਾ ਏ:

ਸਾਡਾ ਘਰ ਦਰਿਆਵਾਂ ਅੰਦਰ
ਤੱਸੇ ਨੇਂ ਪਰ ਖੇਤ
ਚਾਰ ਚੁਫ਼ੇਰੇ ਮਿੱਟੀ ਘਟਾ
ਚਾਰ ਚੁਫ਼ੇਰੇ ਰੇਤ...!

ਗੱਲ ਇੱਥੇ ਨਹੀਂ ਮੁੱਕਦੀ, ਗੱਲ ਇੱਥੋਂ ਸ਼ੁਰੂ ਹੁੰਦੀ ਏ। ਜਿਸ ਵਸੇਬ ਵਿੱਚ ਭੁੱਖਾਂ ਭੜੋਲੇ ਅੰਦਰ ਨੱਚਣ, ਖ਼ੌਫ਼ ਦੇ ਬੱਦਲ ਸੂਰਜ ਦੀ ਛਾਤੀ ਤੇ ਚੜ੍ਹ ਕੇ ਸਾਰੇ ਮੰਜ਼ਰ ਧੁੰਦਲਾ ਕੇ ਪਖੂਆਂ ਨੂੰ ਡਰਾ ਕੇ ਚੁੱਪ ਦੀ ਵੱਸੋਂ ਬਨਾਣ, ਸਮਾਜ ਹਵਸ ਦੀ ਅੱਖ ਨਾਲ ਆਲ ਦੁਆਲਾ ਤੱਕੇ ਤਾਂ ਧਰਤੀ ਫ਼ਿਰ ਵੀ ਨਹੀਂ ਕੰਬਦੀ।

ਵਿੱਚ ਭੜੋਲੇ ਭੁੱਖਾਂ ਨੱਚਣ
ਚੱਕੀ ਲੱਭੇ ਦਾਣੇ
ਚਰਖ਼ਾ ਵੇਚ ਕੇ ਘੁੰਘਰੂ ਲੈ ਲੋ
ਮੱਤਾਂ ਦੇਣ ਸਿਆਣੇ...!

ਬਰਫ਼ ਜੁੱਸਿਆਂ ਅੰਦਰ ਸਦੀਆਂ ਦੇ ਦੁੱਖਾਂ ਵਾਂਗ ਜਮ ਜਾਵੇ ਤੇ ਧਾੜ ਵੀ ਨਾਂ ਨਿਕਲੇ ਤੇ ਕੱਲਾ ਬੰਦਾ ਕੋੜ੍ਹ ਦੇ ਫੋੜੇ ਭੁੱਖੀ ਜੀਭ ਨਾਲ ਨਾ ਚੱਟੇ ਤੇ ਕਾਲ ਕਿੱਥੋਂ ਮੁੱਕੇ ?

ਪਰ ਜਦੋਂ ਮਰਦੀਆਂ ਆਸਾਂ ਜੀ ਪੈਣ ਤਾਂ ਕਾਲ ਵੀ ਮੁੱਕ ਸਕਦਾ ਏ ਤੇ ਸਮਾਜ ਵੀ ਆਪਣੀ ਤਕਦੀਰ ਆਪਣੇ ਹੱਥੀਂ ਲਿੱਖ ਸਕਦਾ ਏ।

ਕਦੀ ਵੇਖਦੀ ਮਸਤ ਕਲੰਦਰਾਂ ਨੂੰ
ਕਦੀ ਅੱਗ ਦੇ ਲਾਲ ਸਮੰਦਰਾਂ ਨੂੰ

ਕਦੀ ਜ਼ਾਹਰ ਨੂੰ ਕਦੀ ਅੰਦਰਾਂ ਨੂੰ
ਕਦੀ ਨੋਹੇ ਪੜ੍ਹਦੀ ਲਾਸ਼ਾਂ ਤੇ
ਕਦੀ ਜਿਉਂਦੀਆਂ ਮਰਦੀਆਂ ਆਸਾਂ ਤੇ
ਅਸਾਂ ਇੰਜ ਨਹੀਂ ਲਿੱਖਦੇ ਦੁੱਖਾਂ ਨੂੰ
ਅਸਾਂ ਕੱਲਿਆਂ ਬਹਿ ਕੇ ਚੀਕਣੇ ਆਂ
ਅਸਾਂ ਇੰਜ ਹਯਾਤੀ ਲੀਕਣੇ ਆਂ...!

ਵਸੇਬ ਦੇ ਸਭੇ ਦੁੱਖ ਮੁਕਾਉਣ ਲਈ ਨਿੱਕੀ ਜਿਹੀ ਆਸ ਦੀ ਕੰਨੀ ਹੋਣੀ ਚਾਹੀਦੀ ਏ ਤੇ ਇਹ ਕੰਨੀ "ਜਉਂਦੀਆਂ ਮਰਦੀਆਂ ਆਸਾਂ" ਵਿੱਚ ਇੱਸ ਤੋਰ ਤੇ ਪੁੰਗਰਦੀ ਨਜ਼ਰ ਆਂਦੀ ਏ ਕਿ ਹਰ ਪੜ੍ਹਿਆਰ ਦੀ ਆਸ ਮਰਦੇ ਮਰਦੇ ਇੱਕ ਦਮ ਜੀ ਪੈਂਦੀ ਏ।

**ਸਲੀਮ ਸ਼ਹਿਜ਼ਾਦ**

# ਕੁੱਝ ਆਪਣੀ ਗੱਲ

ਹੋਰ ਅਸੀਂ ਕਰ ਵੀ ਕੀ ਸਕਣੇ ਆਂ? ਸ਼ਾਇਰ ਜੋ ਹੋਏ! ਸਾਰਾ ਸਾਰਾ ਦਿਨ ਰਿਜ਼ਕ ਦੀ ਭਾਜੜ ਅੰਦਰ ਸੜਕਾਂ ਦੀ ਧੂੜ ਚਟਣੇ ਆਂ, ਜਵਾਕਾਂ ਦੀਆਂ ਪਲਕਾਂ ਤੇ ਤੜਫਦੇ ਸੁਫ਼ਨਿਆਂ ਦਾ ਰੋਣਾ ਨਹੀਂ ਵੇਖਿਆ ਜਾਂਦਾ। ਸ਼ਾਮ ਆਂਦੀ ਏ ਤੇ ਉਦਾਸੀ ਦੀਆਂ ਕੁਰਲਾਟਾਂ ਨਾਲ ਨਿਢਾਲ ਪਿੰਡੇ ਦੀਆਂ ਕੰਧਾਂ ਤਿੜਕ ਜਾਂਦੀਆਂ ਨੇਂ, ਸ਼ਾਮ ਟੁਰਦੀ ਜਾਂਦੀ ਏ ਤੇ ਹਯਾਤੀ ਵਿਛੋੜੇ ਦੇ ਚਰਖ਼ੇ ਤੇ ਦੁੱਖਾਂ ਦੀਆਂ ਪੂਣੀਆਂ ਕੱਤਦੀ ਕੱਤਦੀ ਰਾਤ ਦੇ ਅਨ੍ਹੇਰਿਆਂ 'ਚ ਗਵਾਚ ਜਾਂਦੀ ਏ। ਝੱਲੀਆਂ ਅੱਖਾਂ ਫ਼ਿਰ ਚੜ੍ਹਦੇ ਸੂਰਜ ਦੇ ਸੁਫ਼ਨੇ ਵੇਖਣ ਲੱਗ ਪੈਂਦੀਆਂ ਨੇਂ, ਕਈ ਸੁਫ਼ਨੇ ਤੇ ਜੱਗਦੇ ਤਾਰਿਆਂ ਵਾਂਗੂ ਪਲਕਾਂ ਦੇ ਰੇਸ਼ਮੀ ਕਿਨਾਰਿਆਂ 'ਚੋਂ ਡਿੱਗ ਡਿੱਗ ਕੇ ਮਿੱਟੀ ਵਿੱਚ ਤਾਬੀਰਾਂ ਦੇ ਮਹਿਲ ਉਸਾਰ ਜਾਂਦੇ ਨੇਂ। ਬੱਸ ਹਯਾਤੀ ਦਾ ਪਰਛਾਵਾਂ ਇੱਸੇ ਚੱਕਰ ਅੰਦਰ ਘੁੰਮੀ ਜਾਂਦਾ ਏ :

ਸਾਡਾ ਕੱਚ ਦਾ ਪਿੰਡਾ ਉੱਸ ਨੇ
ਰਿਜ਼ਕ ਦੇ ਭਾਰੇ ਸੰਗਲਾਂ ਅੰਦਰ
ਇਸਰਾਂ ਕੱਸ ਕੇ ਬੰਨ੍ਹਿਆ ਏ
ਨਾ ਹੁਣ ਯਾਦ ਜਵਾਨੀ ਰਹਿੰਦੀ
ਨਾ ਸਾਹਵਾਂ ਦੀ ਗਰਮੀ
ਨਾ ਮਖ਼ਮਲ ਦੇ ਪਿੰਡੇ ਦਿੱਸਣ
ਨਾ ਹੋਠਾਂ ਦੀ ਨਰਮੀ
ਅਸਾਂ ਤੇ ਖੂਹ ਦੇ ਬਲਦਾ ਵਾਂਗੂੰ
ਚੱਕਰ ਖਾਈ ਜਾਂਨੇ ਆਂ
ਅੱਖਾਂ ਉੱਤੇ ਖੋਪੇ ਬੰਨ੍ਹ ਕੇ

ਡੰਗ ਟਪਾਈ ਜਾਂਨੇ ਆਂ...!

ਇੱਕ ਤੇ ਅਸੀਂ ਬੈਠੇ ਬਾਰਡਰ ਤੇ ਆਂ ਦੂਜਾ ਤੱਸੇ ਸਤਲੁਜ ਦੇ ਬੂਲ੍ਹਾਂ ਤੇ ਜੰਮੀ ਪਾਪੜੀ ਅੱਖਾਂ ਦਾ ਰਸ ਚੂਸਦੀ ਰਹਿੰਦੀ ਏ, ਸੋਚਾਂ ਵਿੱਚ ਗਵਾਚੇ ਰੁੱਖਾਂ ਦੀਆਂ ਪੀਲੀਆਂ ਟਹਿਣੀਆਂ ਤੇ ਬੈਠੇ ਉਦਾਸ ਪਖੂਆਂ ਦੀਆਂ ਬੰਦ ਹੁੰਦੀਆਂ ਅੱਖਾਂ ਤਕੀਏ? ਅੱਗ ਵਿੱਚ ਸੜਦੇ ਥੱਲ ਦੇ ਟਿੱਬਿਆਂ ਦੇ ਮੱਥਿਆਂ ਤੇ ਗਿੱਲੀਆਂ ਟਾਕੀਆਂ ਧਰੀਏ? ਘਰ ਦੇ ਜਵਾਕਾਂ ਦੀਆਂ ਅੱਖਾਂ ਦੇ ਹੰਝੂ ਪੂੰਝੀਏ? ਤੇ ਯਾ ਫ਼ਿਰ ਨਜ਼ਮਾਂ ਗ਼ਜ਼ਲਾਂ ਲਿਖੀਏ?

ਲਹੌਰ ਦੇ ਉੱਚੇ ਬੁਰਜ ਭਾਵੇਂ ਸਾਥੋਂ ਬਹੁਤ ਦੂਰ ਨੇਂ ਪਰ ਅਸਾਂ ਵੀ ਸੋਚ ਰੱਖਿਆ ਏ ਕਿ ਜੀਏ ਭਾਵੇਂ ਮਰੀਏ, ਆਪਣੀ ਵਾਜ ਨੂੰ ਇਨ੍ਹਾਂ ਟਿੱਬਿਆਂ 'ਚ ਗਵਾਚਣ ਨਹੀਂ ਦੇਣਾ ਤੇ ਨਾ ਮਰਨ ਈ ਦੇਣਾ ਏ। ਬੋਲਦੇ ਰਹਾਂਗੇ, ਲਿੱਖਦੇ ਰਹਾਂਗੇ ਤੇ ਉੱਮੀਦ ਦੇ ਹਰ ਵਰਕੇ ਤੇ ਬਹਾਰ ਦੇ ਗੂੜ੍ਹੇ ਰੰਗਾਂ ਵਾਂਗੂੰ ਛੱਪਦੇ ਰਹਾਂਗੇ।

2010 'ਚ "ਕੈਦੀ ਸੁਫ਼ਨੇ" ਦੇ ਨਾਂ ਤੋਂ ਪਹਿਲਾ ਸ਼ਿਅਰੀ ਮਜਮੂਆ ਛਪਿਆ ਤੇ 2011'ਚ ਉਹਦਾ ਦੂਜਾ ਐਡੀਸ਼ਨ ਮੰਜ਼ਰ ਤੇ ਆਇਆ । ਇਹ ਹੁਣ ਸੱਤ ਸਾਲ ਬਾਅਦ ਦੂਜਾ ਸ਼ਿਅਰੀ ਪਰਾਗਾ "ਜਿਉਂਦੀਆਂ ਮਰਦੀਆਂ ਆਸਾਂ" ਤੁਹਾਡੇ ਸਾਹਮਣੇ ਵੇ, ਮੈਨੂੰ ਉੱਮੀਦ ਏ ਕਿ ਇਹਦੀਆਂ ਨਜ਼ਮਾਂ ਗ਼ਜ਼ਲਾਂ ਤੁਹਾਨੂੰ ਪਸੰਦ ਆਉਣ ਗੀਆਂ।

ਮੈਂ ਬੜਾ ਹੀ ਮਮਨੂਨ ਤੇ ਸ਼ੁੱਕਰਗੁਜ਼ਾਰ ਆਂ ਮੋਹਤਰਮਾ ਪ੍ਰਵੀਨ ਮਲਿਕ, ਮੁਹਤਰਮ ਜਨਾਬ ਅਨਵਰ ਮਸਊਦ, ਸਲੀਮ ਸ਼ਹਿਜ਼ਾਦ, ਅਫ਼ਜ਼ਲ ਰਾਜਪੂਤ ਤੇ ਖ਼ਾਵਰ ਵਹੀਦ ਹੋਰਾਂ ਦਾ ਜਿਹਨਾਂ ਇੱਸ ਸ਼ਾਇਰੀ ਨੂੰ ਪੜ੍ਹਿਆ ਤੇ ਆਪਣੇ ਵਿਚਾਰਾਂ ਨਾਲ਼ ਇੱਸ ਕਿਤਾਬ ਦਾ ਤੇ ਮੇਰਾ ਮਾਣ ਵਧਾਇਆ।

ਉਚੇਚ ਤੋਰ ਤੇ ਆਪਣੇ ਉਸਤਾਦ ਸ਼ਾਇਰ ਖ਼ਾਵਰ ਵਹੀਦ, ਸੱਜਣ ਰੇਹਾਨ ਬਸ਼ੀਰ ਸ਼ਾਦ ਤੇ ਪ੍ਰੋਫ਼ੈਸਰ ਅਬਦੁਲ ਰਸ਼ੀਦ ਅਜ਼ਹਰ ਦਾ ਬਹੁਤ ਸ਼ੁਕਰੀਆ ਜਿਹਨਾਂ ਕਿਤਾਬ ਛੱਪਣ ਦੇ ਹਰ ਮਰਹਲੇ ਤੇ ਭਰਵਾਂ ਸਾਥ ਦਿੱਤਾ। ਕਿਤਾਬ ਛੱਪਣ ਵਿੱਚ ਭਰਪੂਰ ਤਆਵਨ ਕਰਨ ਤੇ ਮੈਂ ਜਨਾਬ ਹਾਫ਼ਿਜ਼ ਨਸੀਰ ਅਹਿਮਦ, ਅਬੱਦੁਲ ਰਹਿਮਾਨ ਕੁਰੈਸ਼ੀ, ਹਾਫ਼ਿਜ਼ ਜਵਾਦ ਹਸਨ, ਹਾਫ਼ਿਜ਼ ਉਮਰ ਫ਼ਾਰੂਕ, ਚਾਚਾ

ਸਦੀਕ, ਖ਼ੁਆਜਾ ਮਸਊਦ ਤੇ ਅਰਸਲਾਨ ਮਹਿਮੂਦ ਦਾ ਵੀ ਬਹੁਤ ਸ਼ੁੱਕਰਗੁਜ਼ਾਰ ਆਂ ਜਿਹੜੇ ਅਦਬ ਨੂੰ ਮੋਢਾ ਦੇਣ ਲਈ ਹਮੇਸ਼ ਮੇਰੇ ਨਾਲ਼ ਖੜੇ ਨੇਂ।

ਮੈਨੂੰ ਉਮੀਦ ਏ ਕਿ ਇੱਸ ਕਿਤਾਬ ਦੀ ਸ਼ਾਇਰੀ ਤੁਹਾਨੂੰ ਪਸੰਦ ਆਏਗੀ।

**ਸਗ਼ੀਰ ਤਬੱਸੁਮ**

3 ਅਪ੍ਰੈਲ 2018

03007922071

## ਰੱਬ

ਨਾ ਗੁੰਝਲ ਨਾ ਗੋਰਖਧੰਦਾ
ਨਾ ਉਹ ਸਾਥੋਂ ਦੂਰ
ਚੌਹਾਂ ਪਾਸੇ ਉਹਦਾ ਜਲਵਾ
ਚੌਹਾਂ ਪਾਸੇ ਨੂਰ......!

## ਹਮਦ-ਏ- ਬਾਰੀ ਤਆਲਾ

ਸ਼ੁਰੂ ਉੱਸ ਦੇ ਨਾਮ ਤੋਂ
ਜਿਹਨੇ ਧਰਤੀ ਨੂੰ ਸੂਰਜ ਦੀ ਅੱਗ ਦਿੱਤੀ
ਜਿਹਨੇ ਰੱਖੀ ਏ ਲਾਜ ਨਿਮਾਣਿਆਂ ਦੀ
ਜਿਹਨੇ ਰੁੱਖਾਂ ਦੇ ਸਿਰਾਂ ਤੇ ਪੱਗ ਦਿੱਤੀ

ਸ਼ੁਰੂ ਉੱਸ ਦੇ ਨਾਮ ਤੋਂ
ਜਿਹਨੇ ਮੌਸਮਾਂ ਦੀ ਚੁੰਨੀ ਨੂੰ ਰੰਗ ਦਿੱਤੇ
ਜਿਹਨੇ ਵੰਡਿਆ ਏ ਚਾਨਣ ਦੀਵਿਆਂ ਨੂੰ
ਫ਼ਿਰ ਦੀਵੇ ਅਸਮਾਨ ਤੇ ਟੰਗ ਦਿੱਤੇ

ਸ਼ੁਰੂ ਉੱਸ ਦੇ ਨਾਮ ਤੋਂ
ਜਿਹਨੇ ਕਿੱਕਰਾਂ ਨੂੰ ਅੰਬਰ  ਦੀ ਛਾਂ ਦਿੱਤੀ
ਜਿਹਨੇ ਗੁੰਨ੍ਹਿਆ ਏ ਰੂਹ ਨੂੰ ਮਿੱਟੀ ਅੰਦਰ
ਫ਼ਿਰ ਮਿੱਟੀ ਨੂੰ ਮਿੱਟੀ ਤੇ ਥਾਂ ਦਿੱਤੀ

ਸ਼ੁਰੂ ਉਸ ਦੇ ਨਾਮ ਤੋਂ
ਜਿਹਨੇ ਖੋਲ੍ਹੀਆਂ ਨੇਂ ਪਰਤਾਂ ਅਸਮਾਨ ਦੀਆਂ
ਜਿਹਨੇ ਰੱਖੇ ਨੇਂ ਭਰਮ ਜਵਾਨੀਆਂ ਦੇ
ਜਿਹਨੇ ਕੱਜੀਆਂ ਨੇਂ ਸ਼ਰਮਾਂ ਜਹਾਨ ਦੀਆਂ......!

## ਨਾਅਤ ਰਸੂਲ-ਏ- ਮਕਬੂਲ(ਸ)

ਜਦ ਵੀ ਲਿਖਿਆ ਨਾਮ ਮੁਹੰਮਦ(ਸ)
ਸੋਚਾਂ ਰੌਸ਼ਨ ਹੋ  ਗਈਆਂ
ਗਲੀਆਂ ਵਿੱਚ ਸਿਤਾਰੇ ਚਮਕੇ
ਰਾਤਾਂ ਰੌਸ਼ਨ ਹੋ ਗਈਆਂ
ਅੱਖਰ ਸੁੱਤੇ ਜਾਗ ਪਏ
ਲਿਖਤਾਂ ਰੌਸ਼ਨ ਹੋ ਗਈਆਂ
ਗੂੰਗੀਆਂ ਜੀਭਾਂ ਬੋਲ ਪਈਆਂ
ਬਾਤਾਂ ਰੌਸ਼ਨ ਹੋ ਗਈਆਂ
ਅੰਦਰ ਘੁੱਪ ਅਨ੍ਹੇਰੇ ਸਨ
ਜ਼ਾਤਾਂ ਰੌਸ਼ਨ ਹੋ ਗਈਆਂ!

# ਅਸਾਂ ਇੰਜ ਨਹੀਂ ਲਿੱਖਦੇ ਦੁੱਖਾਂ ਨੂੰ

ਅਸਾਂ ਇੰਜ ਨਹੀਂ ਲਿੱਖਦੇ ਦੁੱਖਾਂ ਨੂੰ
ਪਹਿਲੇ ਸੁਰਤ ਗੰਵਾਣੀ ਪੈਂਦੀ ਏ
ਇੱਕ ਅੱਖ ਨੂੰ ਲੋਰੀ ਦੇਂਨੇ ਆਂ
ਇੱਕ ਅੱਖ ਜਗਾਣੀ ਪੈਂਦੀ ਏ
ਅਸਾਂ ਇੰਜ ਨਹੀਂ ਲਿੱਖਦੇ ਦੁੱਖਾਂ ਨੂੰ
ਕਈ ਰਾਤਾਂ ਘੋਟ ਕੇ ਪੀਂਨੇ ਆਂ
ਕਦੀ ਮਰਨੇ ਆਂ ਕਦੀ ਜੀਂਨੇ ਆਂ
ਫ਼ਿਰ ਸੋਚ ਹੁਲਾਰੇ ਖਾਂਦੀ ਏ
ਕਦੀ ਤਾਰਿਆਂ ਤੇ ਜਾ ਬਹਿੰਦੀ ਏ
ਕਦੀ ਮੋਰਾਂ ਵਾਂਗਰ ਨੱਚਦੀ ਏ
ਕਦੀ ਠਰ ਜਾਂਦੀ ਏ ਸੁਫ਼ਨਿਆਂ ਵਾਂਗ
ਕਦੀ ਅੱਗ ਦੇ ਵਾਂਗਰ ਭਖ਼ਦੀ ਏ

ਕਦੀ ਵੇਖਦੀ ਮਸਤ ਕਲੰਦਰਾਂ ਨੂੰ
ਕਦੀ ਜ਼ਾਹਿਰ ਨੂੰ ਕਦੀ ਅੰਦਰਾਂ ਨੂੰ
ਕਦੀ ਅੱਗ ਦੇ ਲਾਲ ਸਮੁੰਦਰਾਂ ਨੂੰ
ਕਦੀ ਨੋਹੇ ਪੜ੍ਹਦੀ ਲਾਸ਼ਾਂ ਤੇ
ਕਦੀ ਜਿਉਂਦੀਆਂ ਆਸਾਂ ਤੇ
ਅਸਾਂ ਇੰਜ ਨਹੀਂ ਲਿੱਖਦੇ ਦੁੱਖਾਂ ਨੂੰ
ਅਸਾਂ ਕੌਲਿਆਂ ਬਹਿ ਕੇ ਚੀਕਣੇ ਆਂ
ਅਸਾਂ ਇੰਜ ਹਯਾਤੀ ਲੀਕਣੇ ਆਂ!

# ਮੈਂ

ਮੈਂ ਉਹ ਗਿੱਲਾ ਕਾਗ਼ਤ ਜਿਹਨੂੰ
ਲਿੱਖੇ ਨਾ ਕੋਈ ਬਾਲੇ
ਰੂੜੀ ਰੂੜੀ ਟੁਰ  ਕੇ  ਅਪਣਾ ਸਾਰਾ ਜੀਵਨ ਗਾਲੇ

ਮੈਂ ਧਰਤੀ ਦਾ ਕਿੱਕਰ ਜਿਹਦੇ
ਲੂੰ ਲੂੰ ਉੱਗਣ ਕੰਡੇ
ਆਪਣੇ ਦਰਦ ਲੁਕੋ ਕੇ ਸੀਨੇ ਸੱਭ ਨੂੰ ਛਾਵਾਂ ਵੰਡੇ

ਮੈਂ ਉਹ ਥੱਲ ਦਾ ਬੱਦਲ ਜਿਹਦੇ
ਆਪਣੇ ਬੁੱਲ੍ਹ ਨੇਂ  ਤੱਸੇ
ਨਾ ਉਹ ਕਿੱਧਰੇ ਗੜ–ਗੜ ਗੱਜੇ ਨਾ ਉਹ ਕਿਧਰੇ ਵੱਸੇ

ਮੈਂ ਚੁੱਲ੍ਹੇ ਦੀ ਭੁੱਬਲ ਜਿਹਦੇ
 ਲੇਖ  'ਚ ਇੱਟਾਂ ਰੋੜੇ
ਅੰਦਰੋ ਅੰਦਰੀ ਧੁਖ਼ਦੀ ਰਹਿੰਦੀ ਜੂੰ ਪਿੰਡੇ ਦੇ ਫੋੜੇ

ਮੈਂ ਅੰਬਰ  ਦਾ ਤਾਰਾ ਜਿਹੜਾ
 ਆਪਣੀ ਗੋਤ ਵੀ ਭੁੱਲਿਆ
ਅਸਮਾਨਾਂ ਤੋਂ ਥੱਲੇ ਡਿੱਗਿਆ, ਮਿੱਟੀ ਦੇ ਵਿੱਚ ਰੁਲਿਆ......!

# ਹੁਣ ਖੋਲ੍ਹ ਦੇ ਅੱਖਾਂ ਸੂਰਜਾ

ਹੁਣ ਖੋਲ੍ਹ ਦੇ ਅੱਖਾਂ ਸੂਰਜਾ
ਇਸ ਧੁੱਪ ਨੂੰ ਇੱਧਰ ਟੋਰ ਦੇ
ਇੱਥੇ ਲੋਕ ਨੇਂ ਸਾਰੇ ਬਰਫ਼ ਦੇ
ਇੱਸ ਬਰਫ਼ ਦੇ ਸ਼ਹਿਰ ਨੂੰ ਖੋਰ ਦੇ

ਹੁਣ ਖੋਲ੍ਹ ਦੇ ਅੱਖਾਂ ਸੂਰਜਾ
ਸਾਨੂੰ ਦਿਨ ਦੇ ਸ਼ਹਿਰ ਉਤਾਰ ਦੇ
ਸਾਡੇ ਕੱਚੇ ਪਿੰਡ ਨੂੰ ਵੇਖ ਕੇ
ਅੱਜ ਬਦਲ ਬੜ੍ਹਕਾਂ ਮਾਰ ਦੇ

ਹੁਣ ਖੋਲ੍ਹ ਦੇ ਅੱਖਾਂ ਸੂਰਜਾ
ਸਾਨੂੰ ਦੱਸ ਦੇ ਰਾਹਵਾਂ ਪੀਰ ਦੀਆਂ
ਸਾਨੂੰ ਵਾਰਸ ਵਾਜਾਂ ਮਾਰਦਾ
ਸਾਨੂੰ ਕੂਕਾਂ ਸੁਣਦੀਆਂ ਹੀਰ ਦੀਆਂ

ਹੁਣ ਖੋਲ੍ਹ ਦੇ ਅੱਖਾਂ ਸੂਰਜਾ
ਤੱਕ ਧਰਤੀ ਦੇ ਕੀ ਹਾਲ ਹੋਏ
ਸਾਨੂੰ ਨੀਂਦ ਨਾ ਆਂਦੀ ਉਮਰਾਂ ਤੋਂ
ਤੈਨੂੰ ਸੁੱਤਿਆਂ ਕਿੰਨੇ ਸਾਲ ਹੋਏ!

O

ਯਾਂ ਤੂੰ ਸਾਨੂੰ ਜਾਨੋਂ ਚੁੱਕ ਲੈ
ਨਹੀਂ ਤੇ ਦੁੱਖ ਜਹਾਨੋਂ ਚੁੱਕ ਲੈ

ਯਾਂ ਧਰਤੀ ਤੋਂ ਰਾਤ ਮੁਕਾ ਦੇ
ਯਾਂ ਸੂਰਜ ਅਸਮਾਨੋਂ ਚੁੱਕ ਲੈ

ਮਿੱਟੀ ਨੂੰ ਬੱਸ ਰਹਿਣ ਦੇ ਮਿੱਟੀ
ਸਾਰਾ ਜ਼ਹਿਰ ਇਨਸਾਨੋਂ ਚੁੱਕ ਲੈ

ਕੰਧਾਂ ਸੱਭ ਬਰਾਬਰ ਕਰ ਦੇ
ਸਾਰਾ ਫ਼ਰਕ ਮਕਾਨੋਂ ਚੁੱਕ ਲੈ

ਜਿਹੜੇ ਪਿਆਰ ਦੇ ਸੀਨੇ ਵੱਜਣ
ਐਸੇ ਤੀਰ ਕਮਾਨੋਂ ਚੁੱਕ ਲੈ

ਯਾਂ ਅੱਜ ਮੇਰੀ ਸੁਣ ਲੈ ਰੱਬਾ
ਯਾਂ ਫ਼ਿਰ ਹਰਫ਼ ਜ਼ਬਾਨੋਂ ਚੁੱਕ ਲੈ

ਦੁੱਖਾਂ ਦੇ ਗਲ ਟੱਲੀਆਂ ਬੰਨ੍ਹੋ
ਚੁੱਪ ਚੁਪੀਤੇ  ਆ ਜਾਂਦੇ ਨੇਂ
ਸਾਰੀ ਵਸਤੀ ਢਾਹ ਜਾਂਦੇ ਨੇਂ

O

ਇੰਜ ਥਾਂ ਥਾਂ ਦਿੱਲ ਨੂੰ ਖੋਲ੍ਹਦੇ ਨਹੀਂ
ਤੁਸੀਂ ਬੋਲਦੇ ਓ ਅਸੀਂ ਬੋਲਦੇ ਨਹੀਂ

ਜਿਹਦੇ ਨਾਲ ਟੁਰਨ ਦਾ ਸੋਚ ਲਿਆ
ਸਿਰ ਕੱਟ ਜਾਵੇ ਫ਼ਿਰ ਡੋਲਦੇ ਨਹੀਂ

ਸਾਡੀ ਅੱਖ ਤੇ ਉਂਗਲਾਂ ਚੁੱਕਦੇ ਓ
ਮਨ ਅਪਣਾ ਅੰਦਰੋਂ ਫੋਲਦੇ ਨਹੀਂ

ਅਸਾਂ ਸ਼ਾਇਰ ਪਿਆਰ ਦੇ ਸ਼ਾਇਰ ਆਂ
ਅਸੀਂ ਜ਼ਹਿਰ ਦਿਲਾਂ ਵਿੱਚ ਘੋਲਦੇ ਨਹੀਂ

ਜਦੋਂ ਪਿਆਰ ਕਰਨ ਦਾ ਸੋਚ ਲਿਆ
ਫ਼ਿਰ ਅੰਦਰੋਂ ਬਾਹਰੋਂ ਤੋਲਦੇ ਨਹੀਂ

O

ਬੁੱਝੀ ਅੱਗ ਦੇ ਫ਼ਿਰ ਅੰਗਾਰੇ ਜਾਗ ਪਏ
ਮੇਰੇ ਜਿੰਨੇ ਖ਼ਾਬ ਸੀ ਸਾਰੇ ਜਾਗ ਪਏ

ਮਹਿਲਾਂ ਦੇ ਸ਼ਹਿਜ਼ਾਦੇ ਸਾਰੇ ਸੌਂ ਗਏ ਸੀ
ਝੁੱਗੀਆਂ ਦੇ ਵਿੱਚ ਰਾਜ ਦੁਲਾਰੇ ਜਾਗ ਪਏ

ਉਹਦੇ ਆਇਆਂ ਰਾਤ ਸੁਹਾਨੀ ਹੋ ਗਈ ਏ
ਅੰਬਰ ਧਰਤੀ ਚੰਨ ਸਿਤਾਰੇ ਜਾਗ ਪਏ

ਦਿਨ ਚੜ੍ਹਿਆ ਤੇ ਸਾਰੇ ਫੁੱਲ ਕੁਮਲਾ ਗਏ ਸੀ
ਰਾਤ ਪਈ ਤੇ ਵੇਖ ਚੁਬਾਰੇ ਜਾਗ ਪਏ

ਇੱਕ ਸੋਹਣੀ ਨੇ ਮਾਰੀ ਵਾਜ ਕਿਨਾਰਿਆਂ ਨੂੰ
ਕਿੰਨੇ ਵਰ੍ਹਿਆਂ ਬਾਅਦ ਕਿਨਾਰੇ ਜਾਗ ਪਏ

# ਇੱਕ ਸੁਹਾਨੀ ਯਾਦ

ਕਦੀ ਕਦੀ ਮੈਂ
ਸੋਚ ਸਮੁੰਦਰ
ਗੋਤੇ ਖਾਂਦਾ
ਡੁੱਬਦਾ,  ਤਰਦਾ
ਇੱਕ ਅਜਿਹੀ ਵਸਤੀ ਅੰਦਰ ਟੁਰ ਜਾਂਨਾ ਵਾਂ
ਜਿੱਥੇ ਮੌਸਮ ਕਲੀਆਂ ਵੰਡਣ
ਬੱਦਲ ਦਿੰਦੇ ਛਾਵਾਂ
ਜਿੱਥੇ ਰੁੱਖ ਵਜਾਵਣ ਤਾੜੀ
ਖ਼ੁਸ਼ਬੂ ਦੇਣ ਹਵਾਵਾਂ
ਜਿੱਥੇ ਧਰਤੀ ਤਾਰੇ ਜੰਮਦੀ
ਅੰਬਰੋਂ ਵੱਸਦੇ ਮੋਤੀ
ਜਿੱਥੇ ਕਿਸਮਤ ਤਾਜ ਸਜਾ ਕੇ
ਪਰੀਆਂ ਵਾਂਗ ਖਲੋਤੀ

ਜਿੱਥੇ ਪਿਆਰ ਦੇ ਮੇਲੇ ਵੇਖ ਕੇ
ਹੱਸਣ ਪਿੰਡ ਦੀਆਂ ਰਾਹਵਾਂ
ਜਿੱਥੇ ਪੱਬਾਂ ਭਾਰ ਖਲੋਤੇ
ਕੁੱਕੜ ਦੇਣ ਸਦਾਵਾਂ
ਜਿੱਥੇ ਸਖੀਆਂ ਰੱਲ ਮਿਲ ਖੇਡਣ
ਰੱਸੇ ਟੱਪਣ, ਪੀਂਘਾਂ ਝੂਟਣ

ਮੈਲ ਨਾ ਆਵੇ ਰੱਤੀ
ਪਿੰਡ ਦੇ ਗਭਰੂ ਬੜ੍ਹਕਾਂ ਮਾਰਣ
ਨਾਲ ਧਮਾਲਾਂ, ਲੁੱਡੀਆਂ ਪਾਵਣ
ਵਾਅ ਨਾ ਲੱਗੇ ਤੱਤੀ

ਜਿਥੇ ਪੰਖ ਪਖੇਰੂ ਉਡਣ
ਚੋਗਾ ਚੁੱਗਣ
ਕਾਲ ਨਾ ਆਵੇ ਕੋਈ
ਬਾਗਾਂ ਦੇ ਵਿੱਚ ਕੋਇਲ ਕੂਕੇ
ਬੁਲਬੁਲ ਗਾਵੇ
ਵੈਣ ਨਾ ਪਾਵੇ ਕੋਈ
ਫ਼ਿਰ ਪਤਾ ਨਹੀਂ ਇੱਕ ਦਮ ਮੈਨੂੰ
ਕੀ ਹੁੰਦਾ ਏ
ਦਿਲ ਦਾ ਦੀਵਾ
ਬੁੱਝ ਜਾਂਦਾ ਏ
ਖ਼ੌਫ਼ ਦੇ ਬੱਦਲ ਛਾ ਜਾਂਦੇ ਨੇਂ
ਸਾਰੀ ਵਸਤੀ ਢਾਹ ਜਾਂਦੇ ਨੇਂ......

O

ਫ਼ਸਲਾਂ ਤੇ ਪ੍ਰਧਾਨ ਖੜੇ ਸੀ
ਖ਼ਾਲੀ ਹੱਥ ਕਿਸਾਨ ਖੜੇ ਸੀ

ਬੁੱਲ੍ਹੀਆਂ ਉੱਤੇ ਚੁੱਪ ਸਮੁੰਦਰ
ਸੀਨਿਆਂ ਵਿੱਚ ਤੂਫ਼ਾਨ ਖੜੇ ਸੀ

ਇੱਕੋ ਰਸਤਾ ਰੋਸ਼ਨ ਸੀ ਬੱਸ
ਬਾਕੀ ਸੱਭ ਵੀਰਾਨ ਖੜੇ ਸੀ

ਕਿੰਨੇ ਵਰ੍ਹਿਆਂ ਬਾਅਦ ਮਿਲੇ ਸੀ
ਪਰ ਦੋਵੇਂ ਅਨਜਾਣ ਖੜੇ ਸੀ

ਜਿਹੜੇ ਦੱਰ ਦੀ ਕਦਰ ਨਾ ਕੀਤੀ
ਇੱਸੇ ਦੱਰ ਤੇ ਆਣ ਖੜੇ ਸੀ

# ਕਲੰਦਰ

ਸਾਡੀ ਬਾਂਹ ਵਿੱਚ ਕੰਗਨ ਯਾਰ ਦੇ
ਸਾਡੇ ਗੱਲ ਵਿੱਚ ਇਸ਼ਕ ਤਵੀਤ
ਅਸਾਂ ਨੱਚ ਨੱਚ ਦਿਨ ਗੁਜ਼ਾਰਦੇ
ਅਤੇ ਸੌਂਦੇ ਵਿੱਚ ਮਸੀਤ
ਅਸਾਂ ਅੰਦਰੋਂ ਰੱਜ ਪਲੀਤ

ਅਸਾਂ ਅੱਖਾਂ ਮੀਟ ਕੇ ਵੇਖਦੇ
ਸਾਨੂੰ ਦਿੱਸੇ ਘੁੱਪ ਅਨ੍ਹੇਰ
ਸਾਨੂੰ ਦੁਨੀਆ  ਆਣ ਕੇ ਪੂਜਦੀ
ਅਸਾਂ ਵੰਡੀਏ ਰੁੱਤ ਸਵੇਰ

ਸਾਡੇ ਲਹੂ ਵਿੱਚ ਭਾਂਬੜ ਲੋਭ ਦੇ
ਸਾਡੀ ਅੱਖ  ਵਿੱਚ  ਲਾਲ ਲਕੀਰ
ਸਾਨੂੰ ਕੋਈ ਨਾ ਅੰਦਰੋਂ ਜਾਣਦਾ
ਅਸਾਂ ਬਾਹਰੋਂ ਲੀਰੋ  ਲੀਰ
ਅਸਾਂ ਡੁੱਬੇ ਵਿੱਚ ਸ਼ਰਾਬ ਦੇ
ਸਾਨੂੰ ਲੋਕੀ ਕਹਿਣ ਫ਼ਕੀਰ

O

ਭਾਵੇਂ ਇੱਕ ਦੋ ਸਾਲ ਰਿਹਾ ਵਾਂ
ਕੁੱਝ ਤੇ ਤੇਰੇ ਨਾਲ਼ ਰਿਹਾ ਵਾਂ

ਲੈ ਜਾ ਮਸਤ ਸ਼ਰਾਬੀ ਅੱਖਾਂ
ਅਪਣਾ ਆਪ ਸੰਭਾਲ ਰਿਹਾ ਵਾਂ

ਜੇ ਤੂੰ ਦਰਦ ਹਿਜਰ ਦਾ ਝੱਲਿਆ
ਮੈਂ ਵੀ ਬਹੁਤ ਨਿਢਾਲ ਰਿਹਾ ਵਾਂ

ਸੱਧਰਾਂ ਦੇ ਦਰਬਾਰ ਤੇ ਅੱਜ ਵੀ
ਲਹੂ ਦੇ ਦੀਵੇ ਬਾਲ ਰਿਹਾ ਵਾਂ

ਸੂਰਜ ਦੀ ਛਾਤੀ ਤੇ ਟੁਰ ਕੇ
ਠਰਿਆ ਖ਼ੂਨ ਉਬਾਲ ਰਿਹਾ ਵਾਂ

# ਡਰਾਉਣੀ ਵਸਤੀ

ਸਾਰੇ ਮੰਜ਼ਰ ਧੁੰਦਲੇ ਧੁੰਦਲੇ
ਸਾਰੀਆਂ ਸ਼ਕਲਾਂ ਡਰੀਆਂ
ਸੱਭ ਦੇ ਰੰਗ ਨੇਂ ਉੱਡੇ ਉੱਡੇ
ਸੱਭ ਦੀਆਂ ਅੱਖਾਂ ਮਰੀਆਂ
ਗਲੀਆਂ ਵਿੱਚ ਚੁੜੇਲਾਂ ਨੱਚਣ
ਖੋਲ੍ਹ ਕੇ ਆਪਣੇ ਵਾਲ਼
ਸਹਿਮੇ ਸਹਿਮੇ ਪੰਖ ਪਖੇਰੂ
ਚੰਨਬੜੇ ਰੁੱਖਾਂ ਨਾਲ਼
ਨਾ ਰਾਤਾਂ ਨੂੰ ਤਾਰੇ ਜਗਦੇ
ਨਾ ਗਲੀਆਂ ਵਿੱਚ ਦੀਵੇ
ਨਾ ਕੋਈ ਫੱਟ ਜਿਗਰ ਦੇ ਸੀਂਦਾ
ਨਾ ਕੋਈ ਪੀੜਾਂ ਪੀਵੇ
ਨਾ ਮੰਦਰ ਦੀ ਟੱਲੀ ਖੜਕੇ
ਨਾ ਅੰਦਰ ਦੇ ਤਾਰ
ਨਾ ਕੋਈ ਬਾਂਗ ਮਸੀਤੋਂ  ਆਵੇ
ਨਾ ਦਿੱਸੇ ਕੋਈ ਗ਼ਾਰ

ਚਾਰ ਚੁਫ਼ੇਰੇ ਅੱਗ ਦੇ ਭਾਂਬੜ
ਚਾਰ ਚੁਫ਼ੇਰੇ ਧੁੱਪ
ਸਾਰੀ ਵਸਤੀ ਚੁੱਪ......!

# ਮੱਤ

ਵਿੱਚ ਭੜੋਲੇ
ਭੁੱਖਾਂ ਨੱਚਣ
ਚੱਕੀ ਲੱਭੇ ਦਾਣੇ
ਚਰਖ਼ਾ ਵੇਚ ਕੇ ਘੁੰਗਰੂ ਲੈ ਲੋ
ਮੱਤਾਂ ਦੇਣ ਸਿਆਣੇ

# Hallucination

ਸ਼ਿੱਕਰ ਦੁਪਹਿਰ ਦੇ
ਕਾਲੇ ਮੰਜ਼ਰ
ਗੱਲ ਵਿੱਚ ਪਾਟੀਆਂ ਲੀਰਾਂ ਪਾ ਕੇ
ਜੁੱਸਿਆਂ ਉੱਤੇ ਖ਼ੂਨ ਸਜਾ ਕੇ
ਅੱਧੀ ਰਾਤ ਨੂੰ
ਸੁਫ਼ਨਿਆਂ ਅੰਦਰ
ਚਾਮ–ਚੜਿੱਕ ਤੇ ਉੱਲੂਆਂ ਵਾਂਗਰ
ਰੋਂਦੇ ਤੇ ਕੁਰਲਾਂਦੇ ਨੇਂ
ਭੂਤਾਂ ਵਾਂਗ ਡਰਾਂਦੇ ਨੇਂ......

# ਕੁੱਤੇ

ਕੱਲ ਟੀ.ਵੀ. ਤੇ ਖ਼ਬਰਾਂ ਅੰਦਰ
ਅਪਣਾ ਆਪ ਬਚਾਵਣ ਖ਼ਾਤਰਰ
ਸੱਚ ਦਾ ਰਸਤਾ ਰੋਕਦੇ ਰਹੇ
ਕੱਠਿਆਂ ਹੋ ਕੇ ਭੋਂਕਦੇ ਰਹੇ

## ਪਾਗਲ ਨਜ਼ਮ

ਫ਼ਿਰ ਅੱਜ ਸੋਚ ਦੀ ਵੰਝਲੀ ਉੱਤੇ
ਛਿੜੀ ਅਜਿਹੀ ਤਾਲ
ਸਾਹਵਾਂ ਘੁੰਗਰੂ ਬੰਨ੍ਹ ਕੇ ਅੰਦਰ
ਇੰਜ ਦੀ ਪਾਈ ਧਮਾਲ
ਅੰਬਰ, ਧਰਤੀ, ਅੱਗ, ਸਮੁੰਦਰ
ਨੱਚਣ ਲੱਗ ਪਏ ਨਾਲ
ਪਰੀਆਂ ਵਰਗਾ ਰੂਪ ਵੇਖਦੇ
ਲੰਘ ਗਏ ਕਿੰਨੇ ਸਾਲ
ਅੱਖ ਲਰਜ਼ੀ ਤੇ ਸੜ ਗਏ ਮੰਜ਼ਰ
ਉਜੜੇ ਸਿਰ ਦੇ ਵਾਲ
ਤਾੜੀਆਂ ਮਾਰਦੇ ਨੱਸ ਰਹੇ ਸਨ
ਪਿੱਛੇ ਪਿੰਡ ਦੇ ਬਾਲ......!

# ਕਾਹਦੇ ਜਸ਼ਨ ਮਣਾਵਾਂ?

ਕਾਹਦਾ ਮੈਂ ਆਜ਼ਾਦ ਆਂ ਲੋਕੋ ਕਾਹਦੇ ਜਸ਼ਨ ਮਣਾਵਾਂ?
ਜਿੱਥੇ ਚਰਖ਼ਾ ਕੱਤਣ ਵਾਲੀਆਂ
ਹਿਜਰ ਵਿਛੋੜੇ ਕੱਤਣ
ਜਿੱਥੇ ਜੰਮਦਿਆਂ ਨਾਲ ਨਿਮਾਣੇ
ਜ਼ਹਿਰ ਦੇ ਛੰਨੇ ਚੱਟਣ
ਜਿੱਥੇ ਪੱਗ ਸੰਮ੍ਹਾਲਨ ਵਾਲੇ
ਪੈਰੀਂ ਪੱਗਾਂ ਰੋਲਣ
ਕਣਕ ਅਸਾਡੇ ਖੇਤ ਦੀ ਖਾ ਕੇ
ਬੋਲੀ ਗ਼ੈਰ ਦੀ ਬੋਲਣ
ਜਿੱਥੇ ਘਰ ਦੀ ਸਰਦਲ ਉੱਤੇ
ਰੱਤ ਅਸਮਾਨੋਂ ਵੱਸੇ
ਜਿੱਥੇ ਗਲੀਆਂ ਅੰਨ੍ਹੀਆਂ ਹੋਵਣ
ਰਸਤਾ ਨਾ ਕੋਈ ਦੱਸੇ

ਜਿੱਥੇ ਹੱਡੀਆਂ ਭੁਰ–ਭੁਰ ਡਿੱਗਣ
ਅੱਥਰੂ ਸੁੱਟਣ ਮਾਵਾਂ
ਜਿੱਥੇ ਹੋਕੇ ਦੇਣ ਦੁਹਾਈ
ਅੰਦਰੋਂ ਨਿਕਲਣ ਹਾਵਾਂ
ਓਥੇ ਦੱਸੋ ਕਿਹਦੇ ਲਈ ਮੈਂ ਗੀਤ ਖ਼ੁਸ਼ੀ ਦੇ ਗਾਵਾਂ
ਕਾਹਦਾ ਮੈਂ ਆਜ਼ਾਦ ਆਂ ਲੋਕੋ, ਕਾਹਦੇ ਜਸ਼ਨ ਮਣਾਵਾਂ?

ਜਿਸ ਧਰਤੀ ਤੇ ਜੰਨਤ ਬੈਠੀ
ਦੋਜ਼ਖ਼ ਵਾਂਗੂ ਸੜਦੀ
ਰਹਿਮਤ ਦਾ ਸਿਰ ਨੰਗਾ ਵੇਖ ਕੇ
ਕਜਲੋਂ ਦੁਨੀਆ ਡਰਦੀ
ਜਿੱਥੇ ਦਿਨ ਦੇ ਚਾਨਣ ਅੰਦਰ
ਰਾਤ ਦੇ ਨ੍ਹੇਰੇ ਨੱਚਣ
ਅੱਗ ਬਰੂਦ ਦੇ ਭਾਂਬੜ ਅੰਦਰ
ਖ਼ਾਬ ਸੁਹਾਨੇ ਮੱਚਣ
ਜਿੱਥੇ ਸਾਹਵਾਂ ਗਿਰਵੀ ਰੱਖ ਕੇ
ਅਪਣਾ ਮਾਸ ਬਚਾਵਣ

ਜਿਥੇ ਭੁੱਖ ਮੁਕਾਉਣ ਖ਼ਾਤਿਰ
ਹੱਥੀਂ ਮੋਹਰਾ ਖਾਵਣ
ਇੱਸ ਧਰਤੀ ਤੇ ਕਿਹੜੇ ਝੰਡੇ
ਦੱਸੋ ਮੈਂ ਲਹਿਰਾਵਾਂ
ਕਾਹਦਾ ਮੈਂ ਆਜ਼ਾਦ ਆਂ ਲੋਕੋ, ਕਾਹਦੇ ਜਸ਼ਨ ਮਣਾਵਾਂ?

## ਸੋਚਾਂ ਕੰਡੇ ਸਹਿਣ

ਦਮੜੀ ਖ਼ਾਤਰ ਮਿੱਟੀ ਛੱਡੀ
ਛੱਡੇ ਰੋਂਦੇ ਨੈਣ
ਚਰਖ਼ਾ ਕੱਤ–ਕੱਤ ਉਂਗਲਾਂ ਥੱਕੀਆਂ
ਲੂੰ–ਲੂੰ ਪੀੜਾਂ ਪੈਣ
ਅੰਨ੍ਹਾ ਚਾਨਣ ਝੂਠੇ ਹਾਸੇ
ਅੱਖੀਆਂ ਪਾਵਣ ਵੈਣ
ਫੁੱਲਾਂ ਬਾਝ ਨਾ ਖ਼ੁਸ਼ਬੂ ਲੱਭਦੀ
ਲੋਕ ਸਿਆਣੇ ਕਹਿਣ
ਸੋਚਾਂ ਕੰਡੇ ਸਹਿਣ

O

ਤੇਰਾ ਤੇ ਕੁੱਝ ਕਹਿ ਨਹੀਂ ਸਕਦਾ
ਮੈਂ ਪਰ ਕੱਲਾ ਰਹਿ ਨਹੀਂ ਸਕਦਾ

ਦੁੱਖ ਤੇ ਮੇਰੇ ਸਾਹ ਵਿੱਚ ਵੱਸਦੇ
ਸਾਹਵਾਂ ਨਾਲ ਮੈਂ ਖਹਿ ਨਹੀਂ ਸਕਦਾ

ਸੁੰਜਾ ਵੇੜ੍ਹਾ ਬਿੱਟ–ਬਿੱਟ ਤੱਕੇ
ਮੈਂ ਹੁਣ ਇੱਥੇ ਬਹਿ ਨਹੀਂ ਸਕਦਾ

ਮੈਂ ਤੇ ਭਾਵੇਂ ਸੂਲੀ ਚੜ੍ਹ ਜਾਂ
ਤੇਰਾ ਦਰਦ ਮੈਂ ਸਹਿ ਨਹੀਂ ਸਕਦਾ

ਮੈਨੂੰ ਝੱਲਾ ਕਿਸ ਨੇ ਕੀਤਾ?
ਮੈਂ ਬੱਸ ਅੱਗੇ ਕਹਿ ਨਹੀਂ ਸਕਦਾ

O

ਫ਼ਿਰ ਸਿਰਾਂ ਦੇ ਸੌਦੇ ਹੋ ਗਏ
ਫ਼ਿਰ ਅੱਜ ਵਿੱਥਾਂ ਪਈਆਂ

ਕੌਣ ਪਛਾਣੇ ਕਦਰਾਂ ਨੂੰ ਅੱਜ
ਕਿਹੜੀਆਂ ਕਦਰਾਂ ਰਹੀਆਂ

ਅਪਣਾ ਅਪਣਾ ਕੋੜ੍ਹ ਲੁਕਾਵਣ
ਮੰਦੇ ਬੋਲਣ, ਭੈੜਾ ਆਖਣ

ਲੱਖ ਭੁਲੇਖੇ ਪਾਵਣ
ਪਰਦਿਆਂ ਪਿੱਛੋਂ ਡੋਰੀਆਂ ਖਿੱਚਣ

ਪੁਤਲੀਆਂ ਨੱਚਣ, ਅੱਥਰੂ ਸੱਟਣ
ਕੀ ਕੀ ਭੇਸ ਵਟਾਵਣ

ਕੀ ਹੁਣ ਸੱਚ ਨੂੰ ਹੱਥੀਂ ਮਾਰ ਕੇ
ਕਬਰਸਤਾਨ ਅੱਪੜਾਈਏ

ਝੂਠੇ ਬੁੱਤ ਤੇ ਝੂਠੀਆਂ ਕਦਰਾਂ
ਝੂਠਿਆਂ ਨਾਲ਼ ਨਿਭਾਈਏ?

## ਇਕ ਨਜ਼ਮ ਉਹਦੇ ਲਈ

ਸਾਡੇ ਪਿੰਡੇ ਭਾਵੇਂ ਕੱਚ ਦੇ ਸੀ
ਅਸਾਂ ਤੇਰੀ ਖ਼ਾਤਿਰ ਨੱਚਦੇ ਸੀ
ਤੇਰੀ ਅੱਖ ਨੇ ਸਾਨੂੰ ਠਾਰ ਦਿੱਤਾ
ਕਦੀ ਅੱਗ ਦੇ ਵਾਂਗਰ ਮੱਚਦੇ ਸੀ
ਤੁਸਾਂ ਝੂਠ ਮੁਹੱਬਤਾਂ ਕੀਤੀਆਂ ਸਨ
ਤੁਸਾਂ ਤਾਜਰ ਵੱਡੇ ਸੱਚ ਦੇ ਸੀ

# ਇਕ ਹੋਰ ਦਿਸੰਬਰ ਲੰਘ ਗਿਆ

ਸਾਡੇ ਮਾਸ ਦਾ ਬਾਲਣ ਬਾਲ ਕੇ
ਸਾਡਾ ਹੱਸਦਾ ਜੋਬਨ ਗਾਲ ਕੇ
ਸਾਨੂੰ ਅੱਗਾਂ ਵਿੱਚ ਉਛਾਲ ਕੇ
ਕੋਈ ਸੂਲੀ ਉੱਤੇ ਟੰਗ ਗਿਆ
ਇਕ ਹੋਰ ਦਿਸੰਬਰ ਲੰਘ ਗਿਆ
ਸਾਨੂੰ ਸੁਫ਼ਨਿਆਂ ਅੰਦਰ ਰੋਲ਼ ਕੇ
ਸਾਨੂੰ ਯਾਰ ਮਿਲਣ ਦਾ ਬੋਲ ਕੇ
ਸਾਡਾ ਸੀਨਾ ਅੰਦਰੋਂ ਫੋਲ ਕੇ

ਕੋਈ ਬੱਦਲ ਥਲ ਦਾ ਖੰਗ ਗਿਆ
ਇਕ ਹੋਰ ਦਿਸੰਬਰ ਲੰਘ ਗਿਆ
ਸਾਨੂੰ ਅੰਦਰੋ ਅੰਦਰੀ ਤੋੜ ਕੇ
ਸਾਨੂੰ ਕੱਖਾਂ ਵਾਂਗ ਮਰੋੜ ਕੇ
ਸਾਨੂੰ ਕਬਰਾਂ ਦੇ ਵਿੱਚ ਰੋੜ੍ਹ ਕੇ
ਕੋਈ ਸਾਹਵਾਂ ਸਾਥੋਂ ਮੰਗ ਗਿਆ
ਇਕ ਹੋਰ ਦਿਸੰਬਰ ਲੰਘ ਗਿਆ

O

ਅੱਖਾਂ ਉਤੋਂ ਪੱਟੀ ਲਾਹ ਕੇ ਹੁਣ ਤੇ ਬੰਦਿਆ ਜਾਗ
ਫੁੱਲਾਂ ਦੇ ਪਰਛਾਵੇਂ ਓਲ੍ਹੇ ਸ਼ੂਕਣ ਕਾਲੇ ਨਾਗ

ਅਸਮਾਨਾਂ ਤੋਂ ਲਹੂ ਦੇ ਬੱਦਲ ਰੱਤ ਪਏ ਬਰਸਾਣ
ਧਰਤੀ ਵਿੱਚੋਂ ਭਾਂਬੜ ਉੱਠਣ ਸੜਦੇ ਜਾਵਣ ਬਾਗ

ਤੱਸੀਆਂ ਅੱਖਾਂ ਬੰਜਰ ਸੀਨੇ ਅੰਦਰੋਂ ਕੌੜੇ ਜ਼ਹਿਰ
ਏਨੇ ਭੈੜੇ ਕਦੀ ਨਾ ਵੇਖੇ ਦਰਿਆਵਾਂ ਦੇ ਭਾਗ

ਇੰਜ ਲੱਗਦਾ ਏ ਚਿੜੀਆਂ ਪਿੱਛੇ ਸ਼ਿਕਾਰੀ ਆਏ
ਅਸਮਾਨਾਂ ਨੂੰ ਸਿਰ ਤੇ ਚੁੱਕਣ ਰੋਲਾ ਪਾ-ਪਾ ਕਾਗ

ਉਹਦੀ ਸੋਚ ਦੀ ਬੁੱਕਲ ਮਾਰ ਕੇ ਸਾਨੂੰ ਯਾਰ 'ਸਗ਼ੀਰ'
ਹਾੜ ਜੇਠ ਤੋਂ ਤੱਤਾ ਲੱਗੇ ਕੋਰਾ ਸੱਟਦਾ ਮਾਗ

## ਧੀਆਂ

(ਧੀ ਮਿਨਾਲ ਤੇ ਧੀ ਆਇਜ਼ਾ ਲਈ)

ਧੀਆਂ ਦਾ ਧੰਨ
ਅਪਣਾ ਹੁੰਦਾ
ਲੋਕੀ ਕਹਿਣ ਪਰਾਇਆ
ਵੱਖ ਹੋ ਕੇ ਵੀ
ਵੱਖ ਨਹੀਂ ਹੁੰਦਾ
ਇਹ ਰਹਿਮਤ ਦਾ ਸਾਇਆ

# ਸਾਵਣ

ਆਇਆ ਸਾਵਨ
ਬਿਜਲੀ ਕੜਕੀ
ਛਮ–ਛਮ ਬੱਦਲ ਵੱਸਣ
ਭਿੱਜੀਆਂ ਰੁੱਤਾਂ
ਵਾਅ ਪੁਰੇ ਦੀ
ਖਿੜ–ਖਿੜ ਪਰੀਆਂ ਹੱਸਣ
ਅੱਖਾਂ ਵਿੱਚੋਂ
ਸੱਧਰਾਂ ਡਿੱਗਣ
ਮੂਹੋਂ ਕੁੱਝ ਨਾ ਦੱਸਣ
ਪੈਰਾਂ ਦੇ ਵਿੱਚ
ਝਾਂਜਰ ਬੰਨ੍ਹ ਕੇ
ਮੋਰ ਦਿਲਾਂ ਦੇ ਨੱਚਣ
ਵੱਗਦੇ ਮੀਂਹ ਵਿੱਚ
ਸਾਡੇ ਜੁੱਸੇ
ਭਾਂਬੜ ਵਾਂਗੂ ਮੱਚਣ

## ਨਰਗਸੀਅਤ

ਅਸਾਂ ਰਾਜੇ ਆਪਣੀਆਂ ਗਲੀਆਂ ਦੇ
ਅਸਾਂ ਸੁਰਖ਼ੀ ਲਾਲ ਗੁਲਾਬਾਂ ਦੀ
ਅਸਾਂ ਹਾਸੇ ਕਾਫ਼ ਦੀ ਪਰੀਆਂ ਦੇ

ਅਸਾਂ ਚਾਨਣ ਚੰਨ ਤੇ ਤਾਰਿਆਂ ਦੇ
ਅਸਾਂ ਸਰਗਮ ਪਿਆਰ ਦੀ ਵੰਝਲੀ ਦੇ
ਅਸਾਂ ਪਾਣੀ ਮਸਤ ਕਿਨਾਰਿਆਂ ਦੇ

ਅਸਾਂ ਰਾਹੀ ਕਾਲੀਆਂ ਰਾਤਾਂ ਦੇ
ਅਸਾਂ ਜੁਗਨੂ ਆਂ ਬਰਸਾਤਾਂ ਦੇ......

## ਰੁੱਖ ਦਾ ਵੈਣ

ਮੈਂ ਆਂ ਰੁੱਖ ਗੁਨਾਹਵਾਂ ਵਾਲਾ
ਮੇਰੇ ਪੱਤਰ ਕਾਲੇ
ਮਨ ਵਿੱਚ ਘੁੱਪ ਅਨ੍ਹੇਰੇ ਉੱਤੋਂ
ਮਨ–ਮਨ ਲੱਗੇ ਜਾਲੇ
ਸਿਰ ਤੇ ਚਾਮ–ਚੜਿੱਕ ਤੇ ਉੱਲੂ
ਰੋਵਣ ਨਾਲੇ ਹੂਕਣ
ਮੇਰੀ ਇੱਕ ਇੱਕ ਟਹਿਣੀ ਉੱਤੇ
ਕਾਲੇ ਫਨੀਅਰ ਸ਼ੂਕਣ
ਮੇਰੇ ਚਾਰ ਚੁਫ਼ੇਰੇ ਦਲਦਲ
ਜ਼ਹਿਰ ਭਰੇ ਨੇਂ ਅੰਦਰ
ਮੇਰੇ ਲੇਖ ਦਾ ਵੇਹੜਾ ਸੁੰਜਾ
ਜੂੰ ਸੁੰਜਾ ਕੋਈ ਖੰਡਰ
ਮੇਰੀ ਲੱਕੜ ਸੜ ਸੜ ਅੰਦਰੋਂ
ਹੋ ਗਈ ਵਾਂਗ ਸੁਆਹ
ਨਾ ਹੁਣ ਮੈਨੂੰ ਰਾਹੀ ਦਿੱਸਣ
ਨਾ ਦਿੱਸੇ ਕੋਈ ਰਾਹ

ਹੁਣ ਤੇ ਕੋਈ ਅਜਿਹਾ ਆਵੇ
ਛਾਂਗੇ ਮੈਨੂੰ ਵੱਡੇ
ਮਾਰ ਕੁਹਾੜੀ ਮੇਰੇ ਅੰਦਰੋਂ
ਕਾਲ਼ੀ ਰੁੱਤ ਨੂੰ ਕੱਢੇ
ਮੇਰੇ ਪਾਪੀ ਪਿੰਡੇ ਨੂੰ ਫ਼ਿਰ
ਜ਼ਮਜ਼ਮ ਨਾਲ ਉਹ ਧੋਵੇ
ਇੱਕ ਇੱਕ ਪਾਪ ਨੂੰ ਮੁਢੋਂ ਫੜ ਕੇ
ਮਾਖੋ ਵਾਂਗੂ ਚੋਵੇ
ਮੇਰੇ ਸੜਦੇ ਪਿੰਡੇ ਉੱਤੇ
ਮੀਂਹ ਫ਼ਿਰ ਐਸਾ ਬਰਸੇ
ਮੇਰਾ ਖਿੜਿਆ ਜੋਬਨ ਵੇਖ ਕੇ
ਸਾਰਾ ਗੁਲਸ਼ਨ ਤਰਸੇ......!

## ਵੱਡੇ ਲਿਖਾਰੀ

ਮੈਂ ਆਂ ਇੱਕ
ਮਸ਼ਹੂਰ ਲਿਖਾਰੀ
ਜੋ ਚਾਹਵਾਂ, ਸੋ ਲਿੱਖਾਂ
ਕਾਲੇ ਰੰਗ ਨੂੰ ਚਿੱਟਾ ਆਖਾਂ
ਚਿੱਟੇ ਨੂੰ ਮੈਂ ਕਾਲਾ
ਕਿਹੜਾ ਪੁੱਛਣ ਵਾਲਾ?
ਮੈਂ ਚਾਹਵਾਂ ਤੇ
ਸੱਚੀ ਗਲ ਨੂੰ ਪੈਰਾਂ ਹੇਠ ਲਤਾੜਾਂ
ਲਿਖਤ ਵਾਲੀ ਅੱਗ ਦੇ ਨਾਲ ਮੈਂ
ਜਿਹਨੂੰ ਚਾਹਵਾਂ ਸਾੜਾਂ
ਮਰ ਗਈਆਂ ਸੱਭ ਨਾੜਾਂ
ਮੈਂ ਚਾਹਵਾਂ ਤੇ ਧਰਤੀ ਉੱਤੇ
ਬੱਦਲ ਬਣ ਕੇ ਵੱਸਾਂ
ਨਾ ਚਾਹਵਾਂ ਤੇ ਦੜ ਵੱਟ ਜਾਵਾਂ
ਕੁੱਝ ਵੀ ਨਾ ਮੈਂ ਦੱਸਾਂ
ਕੱਲਾ ਬਹਿ ਕੇ ਹੱਸਾਂ

## ਬਹਿ ਕੇ ਚਰਖ਼ਾ ਕੱਤ

ਤੰਗ ਤਾਰੀਕ ਨੇਂ ਕੋਠੇ ਉੱਤੋਂ
ਮੁਸ਼ਕ ਨੇ ਮਾਰੀ ਮੱਤ
ਸਾਰਾ ਸ਼ਹਿਰ ਸ਼ਿਕਾਰ ਹਵਸ ਦਾ
ਲੱਗੀ ਭੈੜੀ ਲੱਤ
ਕਲੀਆਂ ਦੇ ਰੰਗ ਉਪਰੋਂ ਚਿੱਟੇ
ਅੰਦਰ ਕਾਲ਼ੀ ਰੱਤ
ਸੁਣ ਨੀ ਕੁੜੀਏ ਬਾਹਰ ਨਾ ਜਾਵੀਂ
ਬਹਿ ਕੇ ਚਰਖ਼ਾ ਕੱਤ

O

ਇੱਕ ਮਸੀਤ ਦੀ ਡਿੱਗੀਆਂ ਕੰਧਾਂ
ਕੱਢਿਆ ਅੰਦਰੋਂ ਮੰਦਰ
ਧਾੜਾਂ ਮਾਰ ਕੇ ਰੋਈਆਂ ਨਸਲਾਂ
ਰੋਏ ਸੱਤ ਸਮੰਦਰ

ਇੱਕ ਮਸੀਤ ਨੂੰ ਵੱਜਿਆ ਜਿੰਦਰਾ
ਧਰਤੀ ਲਹੂ–ਲੁਹਾਣ
ਅੰਬਰ ਕੰਬਿਆ ਧਰਤੀ ਕੰਬੀ
ਕੰਬਿਆ ਨਹੀਂ ਇਨਸਾਨ

ਇੱਕ ਮਸੀਤ ਦਾ ਬੂਹਾ ਰੋਸ਼ਨ
ਰੋਸ਼ਨ ਕੁੱਲ ਜਹਾਨ
ਸੁਫ਼ਨਿਆਂ ਦੇ ਵਿੱਚ ਚਮਕੇ ਤਾਰੇ
ਚਮਕਣ ਸੱਤ ਅਸਮਾਨ

ਖ਼ੁਸ਼ੀਆਂ ਖ਼ਾਤਿਰ
ਭੁੱਖਾਂ ਕੱਟੀਆਂ
ਮੱਥੇ ਟੇਕੇ
ਮਣਕੇ ਫੇਰੇ
ਘੁੰਘਰੂ ਬੰਨ੍ਹ ਕੇ ਪਾਈ ਧਮਾਲ
ਨੀਵੀਂ ਰੱਖੀ ਅੱਖ

ਸੂਲੀ ਚੜ੍ਹਿਆ
ਚਿੱਲੇ ਕੱਟੇ
ਜ਼ਹਿਰ ਪਿਆਲਾ ਹੱਥੀਂ ਪੀਤਾ
ਜੱਗ ਨੇ ਜੱਗ ਤੇ ਰਹਿਣ ਨਾ ਦਿੱਤਾ
ਜੱਗ ਤੋਂ ਹੋ ਗਿਆਂ ਵੱਖ

ਮੈਂ ਅਮਲਾਂ ਦੇ ਕੋਠੇ ਬੈਠਾ
ਬੂਹੇ ਆਇਆ ਇੱਕ ਸਵਾਲੀ
ਸੁਣਿਆ ਦਰਦ ਨਾ ਕੀਤਾ ਦਾਰੂ
ਲੱਖੋਂ ਹੋਇਆਂ ਕੱਖ

# ਅਸਾਂ ਟੁਰ ਜਾਣਾ ਕਿਤੇ ਹੋਰ ਮੀਆਂ

ਸਾਡਾ ਦਿਲ ਨਹੀਂ ਲੱਗਦਾ ਧਰਤੀ ਤੇ
ਅਸਾਂ ਟੁਰ ਜਾਣਾ ਕਿਤੇ ਹੋਰ ਮੀਆਂ
ਸਾਨੂੰ ਪਾਗਲ ਕੀਤਾ ਸੋਚਾਂ ਨੇ
ਸਾਨੂੰ ਜੀਣ ਨਾ ਦਿੰਦਾ ਸ਼ੋਰ ਮੀਆਂ
ਅੱਜ ਮਿੱਟੀ ਜੂਨ ਵਟਾ ਗਈ ਏ
ਕਿਤੇ ਫਨੀਅਰ ਪੈਲਾਂ ਪਾਂਦੇ ਨੇਂ
ਕਿਤੇ ਉੱਲੂ ਠੁਮਰੀ ਗਾਂਦੇ ਨੇਂ
ਕਿਤੇ ਮਿੱਟੀ ਪੱਥਰ ਹੋ ਗਈ ਏ
ਅੱਜ ਪੱਥਰ ਧੜਕਣ ਸੀਨਿਆਂ ਵਿੱਚ
ਅੱਜ ਕੰਡੇ ਗਲ ਦਾ ਹਾਰ ਬਣੇ
ਕੁੱਝ ਦੁਸ਼ਮਣ ਰਿੱਸੇ ਪਿੰਡੀਆਂ 'ਚੋਂ
ਕੁੱਝ ਸੱਤ ਸਮੁੰਦਰੋਂ ਪਾਰ ਬਣੇ
ਸਾਡਾ ਚਲਦਾ ਨਹੀਂ ਹੁਣ ਜ਼ੋਰ ਮੀਆਂ
ਅਸਾਂ ਟੁਰ ਜਾਣਾ ਕਿਤੇ ਹੋਰ ਮੀਆਂ

ਜਿਸ ਮਾਸ ਦੀ ਰੰਗਤ ਚਾਂਦੀ ਏ
ਉਹਨੂੰ ਇੱਲਾਂ ਠੂੰਗਾਂ ਮਾਰਦੀਆਂ
ਅਸੀਂ ਆਪਣੇ ਹੋਸ਼ ਗਵਾ ਬੈਠੇ
ਕੀ ਫ਼ਿਕਰਾਂ ਕਰੀਏ ਪਾਰ ਦੀਆਂ
ਕਈ ਰੰਗ ਹੋਏ ਅੱਜ ਜ਼ਹਿਰਾਂ ਦੇ
ਕਈ ਜ਼ਹਿਰ ਨਸ਼ੀਲੀਆਂ ਅੱਖਾਂ ਦਾ
ਕੋਈ ਜ਼ਹਿਰ ਪੁਰਾਣੀਆਂ ਨਸਲਾਂ ਦਾ
ਕਿਤੇ ਪਾਣੀ ਦਾ ਕਿਤੇ ਫ਼ਸਲਾਂ ਦਾ
ਕੋਈ ਜ਼ਹਿਰ ਛਟਾਕੀ ਜੀਭਾਂ ਵਿਚ
ਕੋਈ ਮੰਦਰਾਂ ਵਿਚ ਮਸੀਤਾਂ ਵਿਚ
ਅਸਾਂ ਕਦ ਤੱਕ ਚੁੱਪਾਂ ਵੱਟਾਂਗੇ
ਸਾਨੂੰ ਜੀਣ ਨਾ ਦਿੰਦਾ ਸ਼ੋਰ ਮੀਆਂ
ਅਸਾਂ ਟੁਰ ਜਾਣਾ ਕਿਤੇ ਹੋਰ ਮੀਆਂ!

ਜਾਦੂ ਅੱਖਾਂ
ਮੰਤਰ ਸਾਹਵਾਂ
ਪਰੀਆਂ ਵਰਗਾ ਭੇਸ
ਉਹਦੇ ਵਰਗੀ
ਇੱਕ ਨਾ ਵੇਖੀ
ਰੁਲਿਆਂ ਸਾਰੇ ਦੇਸ......!

ਇਕ ਕਬਰ ਦੀ ਮਿੱਟੀ ਵਿੱਚੋਂ ਹਰ ਦਮ ਖ਼ੁਸ਼ਬੂ
ਇਕ ਮੋਰਨੀ ਜੰਗਲਾਂ ਅੰਦਰ ਝਾਂਜਰ ਪਈ ਛਣਕਾਵੇ
ਇਕ ਪਿਪਲੀ ਦੀ ਟਹਿਣੀ ਉੱਤੇ ਕੋਇਲ ਗਿੱਧਾ ਪਾਵੇ
ਇਕ ਬਦਲੀ ਅਸਮਾਨਾਂ ਉੱਤੋਂ ਰੰਗ ਪਈ ਬਰਸਾਵੇ
ਇਕ ਵੇੜ੍ਹੇ ਵਿੱਚ ਟੁੱਟੀ ਮੁੰਦਰੀ ਰਾਤਾਂ ਵਿੱਚ ਡਰਾਵੇ
ਇਕ ਤਸਵੀਰ ਵੀਰਾਨੇ ਅੰਦਰ ਆਪਣੇ ਵੱਲ ਬੁਲਾਵੇ
ਇਕ ਕਬਰ ਦੀ ਮਿੱਟੀ ਵਿੱਚੋਂ ਹਰ ਦਮ ਖ਼ੁਸ਼ਬੂ ਆਵੇ

## ਅੰਨ੍ਹਾ ਚਾਨਣ

ਨ੍ਹੇਰੇ ਦੇ ਵਿੱਚ
ਭੱਜਦਿਆਂ ਭੱਜਦਿਆਂ
ਡਰਦਿਆਂ ਕੰਬਦਿਆਂ ਅੱਖਾਂ ਅੱਗੋ
ਇੱਕ ਦਮ ਚਾਨਣ
ਆ ਜਾਵੇ ਤੇ
ਬੰਦਾ ਅੰਨ੍ਹਾ ਹੋ ਜਾਂਦਾ ਏ……!

# ਰਿਜ਼ਕ ਦਾ ਚੱਕਰ

ਸਾਡਾ ਕੱਚ ਦਾ ਪਿੰਡਾ ਉੱਸ ਨੇ
ਰਿਜ਼ਕ ਦੇ ਭਾਰੇ ਸੰਗਲਾਂ ਅੰਦਰ
ਇਸਰਾਂ ਕੱਸ ਕੇ ਬੰਨ੍ਹਿਆ ਏ
ਨਾ ਹੁਣ ਯਾਦ ਜਵਾਨੀ ਰਹਿੰਦੀ
ਨਾ ਸਾਹਵਾਂ ਦੀ ਗਰਮੀ
ਨਾ  ਮਖ਼ਮਲ ਦੇ ਪਿੰਡੇ ਦਿੱਸਣ
ਨਾ ਹੋਠਾਂ ਦੀ ਨਰਮੀ
ਅਸਾਂ ਤੇ ਖੂਹ ਦੇ ਬਲਦਾਂ ਵਾਂਗੂ
ਚੱਕਰ ਖਾਈ ਜਾਂਨੇ ਆਂ
ਅੱਖਾਂ ਉੱਤੇ ਖੋਪੇ ਬੰਨ੍ਹ ਕੇ
ਡੰਗ ਟਪਾਈ ਜਾਂਨੇ ਆਂ

# ਇਕ ਤਨਖ਼ਾਹਦਾਰ ਕਾਮੇ ਦੀ ਸੋਚ

ਕਦੋਂ ਮਹੀਨਾ ਮੁੱਕੇਗਾ????

## ਲੇਖ

ਇੱਕੋ ਥਾਂ ਦੀ ਮਿੱਟੀ ਵਿੱਚੋਂ
ਬਣੀਆਂ ਸਨ ਦੋ ਇੱਟਾਂ
ਇੱਕ ਇੱਟ ਦਾ ਸੀ ਬਣਿਆ ਮੰਦਰ
ਇੱਕ ਦੀ ਬਣੀ ਮਸੀਤ
ਇੱਕ ਤਾਂ ਹੋ ਗਈ ਪਾਕ ਮੁਕੱਦਸ
ਹੋ ਗਈ ਇੱਕ ਪਲੀਤ......!

O

ਪਲ ਪਲ ਅੰਦਰ ਪਲਦੀਆਂ ਸੋਚਾਂ
ਆਉਣ ਵਾਲੇ ਕਲ ਦੀਆਂ ਸੋਚਾਂ

ਤੂੰ ਦਰਿਆ ਏਂ ਤੂੰ ਕੀ ਜਾਣੇਂ
ਧੁੱਪੇ ਸੜਦੇ ਥੱਲ ਦੀਆਂ ਸੋਚਾਂ

ਤੂੰ ਅੰਬਰ ਤੇ ਮੈਂ ਆਂ ਧਰਤੀ
ਤਾਹੀਓਂ ਤੇ ਨਹੀਂ ਰਲਦੀਆਂ ਸੋਚਾਂ

ਘੁੱਪ ਅੰਨ੍ਹੇਰਿਆਂ ਰਾਤਾਂ ਅੰਦਰ
ਸੂਰਜ ਬਣ ਕੇ ਬਲਦੀਆਂ ਸੋਚਾਂ

ਤੈਨੂੰ ਕਿਵੇਂ ਦੱਸਾਂ ਬੀਬਾ
ਸਾਨੂੰ ਕਿਹੜੀ ਗੱਲ ਦੀਆਂ ਸੋਚਾਂ

ਇਹੋ ਹਰ ਦਮ ਸੋਚੀ ਜਾਵਾਂ
ਕਿਸਰਾਂ ਸਿਰ ਤੋਂ ਟਲਦੀਆਂ ਸੋਚਾਂ

ਕਿੰਨੇ ਵਰ੍ਹਿਆਂ ਬਾਅਦ 'ਸਗ਼ੀਰਾ'
ਉੱਠੀਆਂ ਅੱਖਾਂ ਮਲਦੀਆਂ ਸੋਚਾਂ

# ਮਾਹੀਆ ਵੇ......

ਮਾਹੀਆ ਵੇ

ਅਸਾਂ ਚੋਲਾ ਪਾਇਆ ਇਸ਼ਕੇ ਦਾ
ਅਸਾਂ ਬੰਨ੍ਹ ਲਏ ਘੁੰਘਰੂ ਯਾਰ ਦੇ
ਦੱਸ ਕੀ ਕਰੀਏ ਇਨ੍ਹਾਂ ਅੱਖੀਆਂ ਦਾ
ਵਿੱਚ ਸੁਫ਼ਨੇ ਛਮਕਾਂ ਮਾਰਦੇ

ਮਾਹੀਆ ਵੇ

ਅਸਾਂ  ਚੇਤਰ ਗਿਰਵੀ ਰੱਖਿਆ ਸੀ
ਅੱਜ ਹਾੜ ਕਿਨਾਰੇ ਬਹਿ  ਗਏ ਆਂ
ਸੱਭ ਬੂਟੇ ਆਸ ਦੇ  ਸੜ ਗਏ ਨੇਂ
ਅਸਾਂ ਧੁੱਪਾਂ ਸਹਿਣ ਨੂੰ ਗਏ ਆਂ

ਮਾਹੀਆ ਵੇ

ਅਸਾਂ ਝੂਠੀ ਗੱਲ ਨੂੰ ਝੂਠ ਕਿਹਾ
ਅੱਜ ਦੁਨੀਆ ਸਾਰੀ ਵੈਰੀ ਏ
ਸਾਡੇ ਅੱਗੇ ਦਲਦਲ ਖ਼ੌਫ਼ ਦੇ
ਸਾਡੇ ਪਿੱਛੇ ਲਾਲ ਅਨ੍ਹੇਰੀ ਏ

ਮਾਹੀਆ ਵੇ

ਸਾਡੇ ਅੰਦਰ ਤਾਪ ਵਿਛੋੜੇ ਦਾ
ਸਾਨੂੰ ਅੰਦਰੋ ਅੰਦਰੀ ਮਾਰ ਗਿਆ
ਕੁੱਝ ਸੁਫ਼ਨੇ ਸਾਂਭ ਕੇ ਰੱਖੇ ਸੀ
ਕੋਈ ਕੱਖਾਂ ਵਾਂਗ ਖਲ੍ਹਾਰ ਗਿਆ

ਮਾਹੀਆ ਵੇ

ਅਸਾਂ ਚਰਖ਼ਾ ਕੱਤਿਆ ਜੀਵਨ ਦਾ
ਸਾਡੇ ਲੂੰ–ਲੂੰ ਪੀੜਾਂ ਭਰ ਗਈਆਂ
ਅਸਾਂ ਸਾਹਵਾਂ ਰੋਕ ਕੇ ਸੁਣਿਆ ਏ
ਸਾਡੇ ਅੰਦਰ ਸੋਚਾਂ ਮਰ ਗਈਆਂ

O

ਕੈਸੀ ਕੰਧ ਉਸਾਰ ਗਿਆ
ਥਾਂ ਥਾਂ ਦੁੱਖ ਖਲ੍ਹਾਰ ਗਿਆ

ਦਿਲ ਨੂੰ ਝੱਲਾ ਕਹਿੰਦੇ ਸੀ
ਦਿਲ ਹੀ ਸਾਨੂੰ ਮਾਰ ਗਿਆ

ਇਕ ਪਰਛਾਵਾਂ ਅਪਣਾ ਸੀ
ਉੱਸ ਦਾ ਵੀ ਇਤਬਾਰ ਗਿਆ

ਮਾੜੇ ਅੱਗੇ ਤਗੜੇ ਦਾ
ਕੌਲ ਗਿਆ ਇਕਰਾਰ ਗਿਆ

ਸੋਚਾਂ ਪੱਥਰ ਹੋਈਆਂ ਨੇਂ
ਜਿਹੜੇ ਦਿਨ ਦਾ ਯਾਰ ਗਿਆ

## ਮਿੱਟੀ ਦੀ ਖ਼ੁਸ਼ਬੂ

ਧਰਤੀ ਛੱਡ ਕੇ
ਭਾਵੇਂ ਸੱਜਣਾ!
ਚੰਨ ਤੇ ਜਾ ਖਲੋ
ਤੇਰੇ ਅੰਦਰੋਂ
ਮਰ ਨਹੀਂ ਸਕਦੀ ਮਿੱਟੀ ਦੀ ਖ਼ੁਸ਼ਬੋ......!

# ਪਾਣੀ ਪੰਜ ਦਰਿਆਵਾਂ ਦੇ

ਅਸਾਂ ਪਾਣੀ ਪੰਜ ਦਰਿਆਵਾਂ ਦੇ
ਸਾਡੇ ਅੰਦਰ ਛੱਲਾਂ ਯਾਰ ਦੀਆਂ
ਆ ਚੁੱਪ ਦੇ ਜੰਦਰੇ ਤੋੜ ਕੇ
ਕੁੱਝ ਗੱਲਾਂ ਕਰੀਏ ਪਿਆਰ ਦੀਆਂ

ਅਸਾਂ ਪਾਣੀ ਪੰਜ ਦਰਿਆਵਾਂ ਦੇ
ਅਸਾਂ ਕੰਡੇ ਚੀਰ ਕੇ ਲੰਘ ਜਾਣਾ
ਅਸਾਂ ਗੁੰਝਲ ਮਾਰ ਕੇ ਸੋਚਾਂ ਨੂੰ
ਕਿਤੇ ਸੂਲੀ ਉੱਤੇ ਟੰਗ ਜਾਣਾ

ਅਸਾਂ ਪਾਣੀ ਪੰਜ ਦਰਿਆਵਾਂ ਦੇ
ਸਾਡੇ ਅੰਦਰ ਮਹਿਕ ਗੁਲਾਬਾਂ ਦੀ
ਸਾਡੀ ਮਿੱਟੀ ਸੁਚੱਲ ਨਸ਼ਿਆਂ ਦੀ
ਜਿਵੇਂ ਬੋਤਲ ਮਸਤ ਸ਼ਰਾਬਾਂ ਦੀ

ਅਸਾਂ ਪਾਣੀ ਪੰਜ ਦਰਿਆਵਾਂ ਦੇ
ਸਾਡੇ ਅੰਦਰ ਪਿਆਰ ਨਿਸ਼ਾਨੀਆਂ
ਅਸਾਂ ਮਰ ਨਹੀਂ ਸਕਦੇ ਧਰਤੀ ਤੇ
ਸਾਡੇ ਅੰਦਰ ਇਸ਼ਕ ਕਹਾਣੀਆਂ

# ਰਾਤ ਦੀ ਰਾਣੀ

ਲੋਕੀ ਦਿਨ ਲਈ ਤਰਸਣ ਵੇਖੋ
ਇਹ  ਰਾਤਾਂ ਪਈ ਮੰਗੇ
ਨ੍ਹੇਰੇ ਨੂੰ ਇਹ ਗੱਲ ਨਾਲ ਲਾਵੇ
ਚਾਨਣ ਤੋਂ ਇਹ ਸੰਗੇ
ਫੁੱਲ ਪੱਤੀਆਂ ਦੇ ਘੁੰਘਰੂ ਬੰਨ੍ਹ ਕੇ
ਅਪਣਾ ਜੋਬਨ ਰੰਗੇ
ਇਹ ਰਾਤਾਂ ਦੀ ਰਾਣੀ ਲੋਕੋ
ਨ੍ਹੇਰੇ ਦੇ ਵਿੱਚ ਡੰਗੇ

# NGOs

ਟੁੱਟਿਆ ਭੱਜਿਆ ਘਰ ਬਣਾ  ਕੇ
ਉੱਤੇ ਗੋਹਿਆ ਥਪਥਪਾ ਕੇ
ਵੇੜ੍ਹੇ ਦੇ ਵਿੱਚ ਚਰਖ਼ਾ ਡਾਹ ਕੇ
ਬੁੱਢੀ ਅੰਮਾਂ ਕੋਲ਼ ਬਿਠਾ ਕੇ
ਚੌਹਾਂ ਪਾਸੇ ਭੁੱਖ ਵਿਖਾ ਕੇ
ਗ਼ੁਰਬਤ ਦੱਸੀ ਜਾਂਦੇ ਨੇਂ
ਡਾਲਰ ਵੱਟੀ ਜਾਂਦੇ ਨੇਂ!

## ਲੇਖ ਨਾ ਲੀਕੇ ਜਾਵਣ

ਰੱਬਾ ਅੱਖ ਦਾ ਚਾਨਣ ਬੁੱਝਿਆ
ਟੁੱਟੀ ਸਾਹ ਦੀ ਡੋਰੀ
ਕੰਨਾਂ ਵਿੱਚ ਰਸ ਘੋਲਣ ਲੱਗ ਪਈ
ਮਿੱਠੀ ਮੌਤ ਦੀ ਲੋਰੀ
ਜਾਂਦੀ ਵਾਰੀ ਕਾਹਦਾ ਓਲ੍ਹਾ
ਕਾਹਦੀ ਜੱਗ ਤੋਂ ਚੋਰੀ
ਮੈਂ ਤੇ ਲਹੂ ਨਾਲ ਲਿੱਖ ਲਿੱਖ ਮਰਿਆ
ਫ਼ਿਰ ਵੀ ਕਿਸਮਤ ਕੋਰੀ

O

ਸੋਚਾਂ ਕਿਧਰੇ ਪਾਸੇ ਰੱਖ
ਬੁੱਲ੍ਹੀਆਂ ਉੱਤੇ ਹਾਸੇ ਰੱਖ

ਇੱਡੇ ਕੌੜੇ ਬੋਲ ਨਾ ਬੋਲ
ਗੱਲਾਂ ਵਿੱਚ ਪਤਾਸੇ ਰੱਖ

ਮੇਰਾ ਜੋਬਨ ਮੇਰਾ ਨਹੀਂ
ਅੱਖੀਆਂ ਵਿੱਚ ਨਾ ਕਾਸੇ ਰੱਖ

ਜੇ ਤੂੰ ਜੀਣਾ ਚਾਹੁਣਾ ਏਂ
ਥੋੜੇ ਖ਼ਾਬ ਪਿਆਸੇ ਰੱਖ

ਭੁੱਲ ਨਾ ਜਾਵੇਂ ਯਾਰਾਂ ਨੂੰ
ਸਾਂਭ ਕੇ ਯਾਰ ਅਸਾਸੇ ਰੱਖ

O

ਕਾਲ਼ੀ ਰਾਤ ਨੂੰ ਟਾਲ਼ ਕੇ ਰੱਖੀਂ
ਦਿਲ ਦਾ ਦੀਵਾ ਬਾਲ ਕੇ ਰੱਖੀਂ

ਦਾਰੂ ਸਮਝ ਕੇ ਪੀ ਜਾਵਾਂਗਾ
ਸਾਰੇ ਦੁੱਖ ਉਬਾਲ਼ ਕੇ ਰੱਖੀਂ

ਮੇਰੀ ਮੁੰਦਰੀ ਮੇਰੇ ਛੱਲੇ
ਮੇਰੇ ਖ਼ਤ ਸੰਭਾਲ਼ ਕੇ ਰੱਖੀਂ

ਮੇਰੇ ਦਿਲ ਵਿੱਚ ਰਹਿਣਾ ਈ ਤੇ
ਅਪਣੀ ਸੋਚ ਅੰਘਾਲ ਕੇ ਰੱਖੀਂ

ਜੇ ਰੁੱਤਾਂ ਨੂੰ ਖ਼ੁਸ਼ਬੂ ਵੰਡਣੀ
ਅਪਣੇ ਵਾਲ ਉਛਾਲ਼ ਕੇ ਰੱਖੀਂ

## ਪਰਨਾਲ਼ਾ

ਵੱਸਦੇ ਮੀਂਹ ਵਿੱਚ
ਜੇ ਅੱਜ ਕਿੱਧਰੇ
ਇਹ ਪਰਨਾਲ਼ਾ ਨਾ ਹੁੰਦਾ ਤੇ
ਚੋਂਦਿਆਂ ਚੋਂਦਿਆਂ
ਇਸ ਵੱਸਤੀ ਦੇ
ਕੱਚੇ ਪੱਕੇ
ਸਾਰੇ ਕੋਠੇ ਢਹਿ ਜਾਣੇ ਸੀ
ਪਾਣੀ ਦੇ ਵਿੱਚ ਵਹਿ ਜਾਣੇ ਸੀ
ਸੋਚਦਾ ਵਾਂ...!
ਜੇ ਇਹ ਕਿੱਧਰੇ
ਅੱਖੀਆਂ ਦੇ ਪਰਨਾਲ਼ੇ
ਨਾ ਹੁੰਦੇ ਤੇ
ਔਲ਼ੇ ਸੁੱਟਦੇ ਮੀਂਹ ਦੇ ਅੰਦਰ
ਮੈਂ ਕਦੋਂ ਦਾ ਖੁੱਰ ਜਾਣਾ ਸੀ
ਮਰਨੋਂ ਪਹਿਲਾਂ ਮਰ ਜਾਣਾ ਸੀ

O

ਕੋੜ੍ਹ ਦੇ ਮਾਰਿਆਂ ਪਿੰਡਿਆਂ ਉੱਤੇ
ਚਿੱਟੇ ਲੀੜੇ ਪਾ ਦਈਏ ਤੇ
ਮਰਜ਼ ਪੁਰਾਣੇ ਮੁੱਕ ਨਹੀਂ ਜਾਂਦੇ
ਕੋੜ੍ਹ ਦੇ ਫੋੜੇ ਸੁੱਕ ਨਹੀਂ ਜਾਂਦੇ

ਧੁੱਪੇ ਸੜਦੇ ਵਰਕਿਆਂ ਉੱਤੇ
ਬਰਫ਼ ਦੇ ਹਰਫ਼ ਚੜ੍ਹਾ ਦਈਏ ਤੇ
ਬਲਦੇ ਭਾਂਬੜ ਠਰ ਨਹੀਂ ਜਾਂਦੇ
ਸਦੀਆਂ ਦੇ ਦੁੱਖ ਮਰ ਨਹੀਂ ਜਾਂਦੇ

ਉੱਚੇ ਰੱਖਦੀ ਧੌਨ ਦੇ ਅੰਦਰ
ਜ਼ਾਤ ਦਾ ਸਰੀਆ ਆ ਜਾਵੇ ਤੇ
ਰੁੱਖ ਤੇ ਰੱਬ ਦਾ ਨੂਰ ਨਹੀਂ ਰਹਿੰਦਾ
ਫੁੱਲ ਤੇ ਦੂਰ ਏ, ਬੂਰ ਨਹੀਂ ਰਹਿੰਦਾ

ਧਰਤੀ ਛੱਡ ਕੇ ਅਸਮਾਨਾਂ ਤੋਂ
ਚੰਨ ਸਿਤਾਰੇ ਫੜ ਲੈ
ਧਾੜਾਂ ਮਾਰ ਕੇ ਰੋ ਲੈ
ਭਾਵੇਂ ਚੁੱਪ ਚੁਪੀਤੇ ਜਰ ਲੈ
ਮਰਨੋਂ ਪਹਿਲਾਂ ਦੁੱਖ ਨਹੀਂ ਮਰਨੇ
ਜੋ ਕਰਨਾ ਸੋ ਕਰ ਲੈ

# ਉਡੀਕ

ਪੋਹ ਮਾਘ ਦੀਆਂ ਰਾਤਾਂ ਅੰਦਰ
ਹਿਜਰ ਦੀਆਂ ਬਰਸਾਤਾਂ ਅੰਦਰ
ਯਾਦਾਂ ਦੀ ਅੰਗੀਠੀ ਬਾਲ ਕੇ
ਕੋਰਾ ਸੇਕਦੀ ਰਹਿਣੀ ਆਂ
ਬੂਹਾ ਵੇਖਦੀ ਰਹਿਣੀ ਆਂ

# ਸਤਲੁਜ ਕੰਢੇ ਰਹਿਣ ਵਾਲਿਆਂ ਦਾ ਦੁੱਖ

ਸਾਡਾ ਘਰ ਦਰਿਆਵਾਂ ਅੰਦਰ
ਤੱਸੇ ਨੇਂ ਪਰ ਖੇਤ
ਚਾਰ ਚੁਫ਼ੇਰੇ ਮਿੱਟੀ ਘੱਟਾ
ਚਾਰ ਚੁਫ਼ੇਰੇ ਰੇਤ

# ਵੇਲੇ ਦਾ ਚੱਕਰ

ਅੱਜ ਵੇਲੇ ਦੇ ਸਿਰ ਤੇ ਚੜ੍ਹ ਕੇ
ਅਸਮਾਨਾਂ ਨੂੰ ਜੱਫਣ ਵਾਲਿਆ
ਐਨੀ ਗੱਲ ਤੂੰ ਚੇਤੇ ਰੱਖੀਂ
ਵੇਲਾ ਖੂਹ ਦੀਆਂ ਟਿੰਡਾਂ ਵਾਂਗੂੰ
ਘੁੰਮਦਿਆਂ ਘੁੰਮਦਿਆਂ
ਥੱਲੋਂ ਉੱਪਰ ਆ ਜਾਵੇ ਤੇ
ਉੱਤੇ ਆ ਕੇ ਰੁੱਕ ਨਹੀਂ ਜਾਂਦਾ
ਖੂਹ ਦਾ ਪੈਂਡਾ ਮੁੱਕ ਨਹੀਂ ਜਾਂਦਾ
ਥੋੜੀ ਦੇਰ ਦੇ ਨਸ਼ਿਆਂ ਮਗਰੋਂ
ਵੇਲਾ ਚੱਕਰ ਖਾ ਜਾਂਦਾ ਏ
ਉੱਪਰੋਂ ਥੱਲੇ ਆ ਜਾਂਦਾ ਏ

O

ਓਥੇ ਸਾਰੇ ਭੇਸ ਪਰਾਏ
ਮੈਂ ਨਹੀਂ ਜਾਣਾ ਦੇਸ ਪਰਾਏ

ਵੇਖੋ ਠੰਢੀਆਂ ਰਾਤਾਂ ਅੰਦਰ
ਮੰਗਦੀ ਫਿਰਦੀ ਖੇਸ ਪਰਾਏ

ਲੋਕੋ ਮੇਰੇ ਘਰ ਵਿੱਚ ਵੇਖੋ
ਭੱਜਦੇ ਫਿਰਨ ਕਲੇਸ ਪਰਾਏ

ਕੀ ਲਿਖਿਆ ਈ ਚਿੱਠੀ ਅੰਦਰ
ਹੋ ਗਏ ਸੱਭ ਸੰਦੇਸ ਪਰਾਏ

ਸ਼ੇਰੇ ਕਿਉਂ ਅੱਜ ਘਰ ਦੇ ਅੰਦਰ
ਦਿੱਸਣ ਮੈਨੂੰ ਭੇਸ ਪਰਾਏ

O

ਜਿਹੜੇ ਮੰਜ਼ਰ ਅੱਖੀਆਂ ਕੋਲੋਂ ਓਹਲੇ ਸਨ
ਉਹੀ ਰਾਤ ਨੂੰ ਸੁਫ਼ਨਿਆਂ ਅੰਦਰ ਬੋਲੇ ਸਨ

ਮੈਂ ਗਲੀਆਂ ਵਿੱਚ ਕਾਸਾ ਚੁੱਕੀ ਫਿਰਦਾ ਸੀ
ਤੂੰ ਅਸਮਾਨ ਦੇ ਸਾਰੇ ਬੂਹੇ ਖੋਲ੍ਹੇ ਸਨ

ਮੈਂ ਖ਼ੁਸ਼ੀਆਂ ਵੱਲ ਸਿਹਰੇ ਬੰਨ੍ਹ ਕੇ ਟੁਰਿਆ ਸਾਂ
ਮੇਰੇ ਝੂਠੇ ਖ਼ਾਬ ਤੇ ਦੁੱਖ ਵਿਚੋਲੇ ਸਨ

ਮੈਨੂੰ ਆਪਣੇ ਆਪ ਤੋਂ ਦਿੱਸਿਆ ਨਹੀਂ
ਮੈਂ ਗਲੀਆਂ ਦੇ ਸਾਰੇ ਕੱਖ ਫਿਰੋਲੇ ਸਨ

ਇਕ ਬੱਚੇ ਦੇ ਹੱਥ ਕਿਤਾਬਾਂ ਫੜੀਆਂ ਸੀ
ਇਕ ਬੱਚੇ ਦੇ ਹੱਥ ਕਰਾਰੇ ਛੋਲੇ ਸਨ

ਮੈਨੂੰ ਆਪਣੇ ਜੀਣ ਦਾ ਕਾਰਨ ਲੱਭਿਆ ਨਹੀਂ
ਮੈਂ ਸੋਚਾਂ ਦੇ ਸਾਰੇ ਵਰਕ ਫਿਰੋਲੇ ਸਨ

O

ਰੋਂਦੀ ਅੱਖ ਨੂੰ ਮੰਗਵੇਂ ਹਾਸੇ ਦੇਣੇ ਨਹੀਂ
ਮੈਂ ਸੱਧਰਾਂ ਨੂੰ ਹੋਰ ਦਿਲਾਸੇ ਦੇਣੇ ਨਹੀਂ

ਤੂੰ ਖ਼ੁਸ਼ੀਆਂ ਦਾ ਝੂਠਾ ਸੱਦਾ ਘੱਲੀਂ ਨਾ
ਮੈਂ ਸ਼ਗਨਾਂ ਦੇ ਖੰਡ ਪਤਾਸੇ ਦੇਣੇ ਨਹੀਂ

ਤੂੰ ਹੁਣ ਜੀਣ ਦੇ ਨਵੇਂ ਵਸੀਲੇ ਲੱਭੇਂਗਾ
ਮੈਂ ਮਿੱਟੀ ਵਿੱਚ ਦੱਬੇ ਕਾਸੇ ਦੇਣੇ ਨਹੀਂ

ਮੇਰੇ ਲਾਟੂ, ਮੇਰੇ ਬੰਟੇ, ਨੱਪੇ ਨਾ
ਮੈਂ ਬਚਪਨ ਦੇ ਢੇਰ ਅਸਾਸੇ ਦੇਣੇ ਨਹੀਂ

ਮੈਂ ਹੁਣ ਪਿਆਰ ਦੀ ਮਿਸਰੀ ਘੋਲ਼ ਕੇ ਪੀ ਲਈ ਏ
ਮੈਂ ਨਫ਼ਰਤ ਦੇ ਜ਼ਹਿਰ ਗੰਡਾਸੇ ਦੇਣੇ ਨਹੀਂ

# ਮੁੱਲਾ

ਮੁੱਲਾ
ਤੈਨੂੰ ਅੱਲ੍ਹਾ ਪੁੱਛੇ
ਤੂੰ ਕੀ ਭੇਸ ਵਟਾਇਆ
ਨਾ ਤੂੰ "ਮ" ਦੇ ਮਾਅਨੇ ਦੱਸੇ
ਨਾ ਤੂੰ ਅਲਿਫ਼ ਪੜ੍ਹਾਇਆ

ਮੂਰਖਾ !
ਇਹ ਗੱਲ ਚੇਤੇ ਰੱਖੀਂ
ਮੂੰਹ 'ਚੋਂ ਨਿਕਲਣ ਵਾਲੇ ਤੀਰ
ਇੱਕ ਦਿਨ
ਵਾਪਸ ਆ ਵੱਜਦੇ ਨੇਂ

ਅੰਨ੍ਹੀ ਰਾਤ ਦੀ
ਚੁੱਪ ਤੋਂ ਡਰ ਕੇ
ਸਹਿਮਿਆ ਸਹਿਮਿਆ ਇੱਕ ਪਰਛਾਵਾਂ
ਕੱਲਾ ਬੈਠਾ
ਸੋਚ ਰਿਹਾ ਸੀ
ਮਿੱਟੀ ਉੱਤੇ ਐਡੀ ਚੁੱਪ ਏ
ਮਿੱਟੀ ਥੱਲੇ ਕੀ ਹੋਵੇਗਾ???

# ਧੀ ਰਾਣੀ

ਬੁੱਢੇ ਪਿਓ ਦੀ
ਮੰਜੀ ਲਾਗੇ
ਚਰਖ਼ਾ ਕੱਤਣ ਵਾਲੀ ਰਾਣੀ
ਅੱਖਾਂ ਨੂਟੀ ਸੋਚ ਰਹੀ ਸੀ
ਮੈਂ ਹੱਥਾਂ ਤੇ ਮਹਿੰਦੀ ਲਾਵਾਂ
ਯਾਂ ਫ਼ਿਰ ਅਪਣਾ ਦਾਜ ਬਣਾਵਾਂ......?

## ਖ਼ਾਲੀ ਛੰਨਾ

ਕਣਕਾਂ ਗਹਿਣੇ ਪਾਈਆਂ
ਜ਼ਹਿਰ ਖ਼ਰੀਦਣ ਖ਼ਾਤਿਰ
ਜ਼ਹਿਰ ਦਾ ਛੱਟਾ ਹਾਂਡੀ ਸੱਟਿਆ
ਲੋਭ ਨੇ ਕੀਤਾ ਅੰਨ੍ਹਾ
ਸਾਰਾ ਦੁੱਧ ਤੇ ਪੀ ਲਿਆ ਸੱਪਾਂ
ਖ਼ਾਲੀ ਰਹਿ ਗਿਆ ਛੰਨਾ

ਰੱਬਾ !
ਰਿਜ਼ਕ ਦਾ ਮਾਲਿਕ ਤੂੰ ਏਂ
ਲੰਬੜ ਕਿਉਂ ਫ਼ਿਰ
ਅੱਖਾਂ ਕੱਢਦਾ?

## ਕਿਧਰ ਜਾਈਏ?

ਅਪਣੇ ਅਪਣੇ ਘਰ ਦੇ ਅੰਦਰ
ਅਪਣਾ ਅਪਣਾ ਕਾਅਬਾ ਧਰ ਕੇ
ਅਪਣੀਆਂ ਅਪਣੀਆਂ ਬਾਂਗਾਂ ਦੇਵਣ
ਲਾ–ਲਾ ਢਿੱਡ ਦਾ ਜ਼ੋਰ
ਕਿਸ ਦੀ ਸੁਣੀਏ
ਕਿੱਧਰ ਜਾਈਏ
ਸੱਭ ਦਾ ਅਪਣਾ ਸ਼ੋਰ

# ਪਹਿਲੀ ਮਈ ਦੀ ਛੁੱਟੀ ਤੇ ਮਜ਼ਦੂਰਾਂ ਦਾ ਸਵਾਲ

ਸਾਡੇ ਨਾਂ ਦੀ ਛੁੱਟੀ ਕਰਕੇ
ਠੰਢੀਆਂ ਠੰਢੀਆਂ ਕਮਰਿਆਂ ਅੰਦਰ
ਬਹਿ ਕੇ ਜਾਮ ਚੜ੍ਹਾਵਣ ਵਾਲਿਓ
ਅਸੀਂ ਤੇ ਅੱਜ ਵੀ
ਸੜਕਾਂ ਉੱਤੇ
ਲਹੂ ਛਿੜਕਾਂਦੇ ਫਿਰਨੇ ਆਂ
ਭਾਰ ਵੰਡਾਂਦੇ ਫਿਰਨੇ ਆਂ

## ਰੱਬਾ ਖ਼ੈਰ ਹੋਵੇ!

ਭੁੱਖ ਚੁੜੇਲ ਨੂੰ
ਦਰਦਾਂ ਲੱਗੀਆਂ
ਫ਼ੇਰ
ਨਿਆਣੇ ਜੰਮੇਗੀ

O

ਥੋੜੀ ਦੇਰ ਨਿਗਾਹਵਾਂ ਡੱਕ ਲੈ
ਅੜੀਏ ਮਸਤ ਅਦਾਵਾਂ ਡੱਕ ਲੈ

ਮੇਰਾ ਪਿੰਡਾ ਮੋਮ ਦਾ ਪਿੰਡਾ
ਤੱਤੀਆਂ ਤੱਤੀਆਂ ਸਾਹਵਾਂ ਡੱਕ ਲੈ

ਦਾਰੂ ਵਰਗੇ ਹੋਠ ਹਟਾ ਲੈ
ਸੰਦਲ ਵਰਗੀਆਂ ਬਾਹਵਾਂ ਡੱਕ ਲੈ

ਕਿਧਰੇ ਅੰਬਰ ਡਿੱਗ ਨਾ ਜਾਵੇ
ਬੱਸ ਕਰ ਅਪਣੀਆਂ ਹਾਵਾਂ ਡੱਕ ਲੈ

ਮੈਂ ਧੁੱਪਾਂ ਦੇ ਘਰ ਨੂੰ ਜਾਣਾ
ਬੱਦਲਾ ਅੱਜ ਤੂੰ ਛਾਵਾਂ ਡੱਕ ਲੈ

# ਥਲ ਦੇ ਵਾਸੀ

ਅਸਾਂ ਵਾਸੀ ਥਲ ਦਿਆਂ ਟਿੱਬਿਆਂ ਦੇ
ਸਾਡੇ ਸਿਰ ਤੇ ਗਰਮ ਹਵਾਵਾਂ ਨੇਂ
ਸਾਡੇ ਸਾਹਵੇਂ ਜੰਗਲ ਸੋਚਾਂ ਦੇ
ਸਾਡੇ ਪੈਰੀਂ ਖਿੱਲਰੀਆਂ ਰਾਹਵਾਂ ਨੇਂ
ਸਾਡੇ ਅੱਗੇ ਕਿੱਕਰ ਸਦੀਆਂ ਦੇ
ਹਰ ਕਿੱਕਰ ਨਾਲ ਖ਼ਿਜ਼ਾਵਾਂ ਨੇਂ
ਸਾਡੇ ਲਹੂ ਵਿੱਚ ਆਸ  ਦੇ ਭਾਂਬੜ ਨੇਂ
ਸਾਡੇ ਅੰਦਰ ਭੱਜਦੀਆਂ ਸਾਹਵਾਂ ਨੇਂ
ਅਸਾਂ ਜੀਵਨ ਹਾਰ ਕੇ ਬਹਿਣਾ ਨਹੀਂ
ਸਾਡੇ ਅੱਗੇ ਮਸਤ ਸਦਾਵਾਂ ਨੇਂ
ਅਸਾਂ ਵੇਖੀਂ ਇੱਕ ਦਿਨ ਮਹਿਕਾਂਗੇ
ਜੂੰ ਗੁਲਸ਼ਨ ਲਾਲ ਗੁਲਾਬਾਂ ਦੇ
ਅਸਾਂ ਟੁਰਦਿਆਂ ਟੁਰਦਿਆਂ ਲੱਭ ਲੈਣੇ
ਸਾਡੀ ਮੰਜ਼ਿਲ ਹੋਜ਼ ਸ਼ਰਾਬਾਂ ਦੇ

# ਆਦਮ ਖ਼ੋਰ

ਸ਼ਹਿਰ ਦੀਆਂ ਗਲੀਆਂ ਵਿੱਚ  ਆ ਕੇ
ਬੰਦਿਆਂ ਵਰਗੇ ਭੇਸ ਵਟਾ ਕੇ
ਉੱਸ ਜੰਗਲ਼ ਦੇ ਸਾਰੇ ਵਹਿਸ਼ੀ
ਨਹੁੰਦਰਾਂ ਮਾਰਨ
ਜੁੱਸੇ ਸਾੜਨ
ਰੱਤਾਂ ਪੀਵਣ
ਅੰਬਲ ਜਾਵੇ ਮਾਸ
ਕਿਹਨੂੰ ਜੋਬਨ ਰਾਸ ?

ਸੋਚਾਂ ਅੰਦਰ ਕਾਲੀਆਂ ਰਾਤਾਂ
ਜਹਿਨਾਂ ਵਿੱਚ ਅਨ੍ਹੇਰੇ
ਸੂਰਜ ਲੰਮੀ ਤਾਣ ਕੇ ਸੁੱਤਾ
ਕਿੱਥੋਂ ਹੋਣ ਸਵੇਰੇ

O

ਮੰਜ਼ਰ ਅੰਦਰ ਮੰਜ਼ਰ ਨੱਚੀ ਜਾ ਰਹੇ ਨੇਂ
ਖੰਡਰਾਂ ਵਿੱਚ ਸਮੰਦਰ ਨੱਚੀ ਜਾ ਰਹੇ ਨੇਂ

ਕਾਸਿਆਂ ਵਿੱਚ ਮੁਕੱਦਰ ਧਰ ਕੇ ਲੋਕਾਂ ਦੇ
ਗਲੀਆਂ ਵਿੱਚ ਕਲੰਦਰ ਨੱਚੀ ਜਾ ਰਹੇ ਨੇਂ

ਬੁੱਲ੍ਹੀਆਂ ਉੱਤੇ ਫੁਲ ਖੜੇ ਨੇਂ ਖ਼ੁਸ਼ੀਆਂ ਦੇ
ਸੀਨਿਆਂ ਅੰਦਰ ਖ਼ੰਜਰ ਨੱਚੀ ਜਾ ਰਹੇ ਨੇਂ

ਤੂੰ ਕਿਉਂ ਥਾਂ–ਥਾਂ ਹੰਝੂ ਸੁੱਟਦਾ ਫਿਰਨਾ ਏਂ
ਖ਼ੁਸ਼ੀਆਂ ਨਾਲ਼ ਸਿਕੰਦਰ ਨੱਚੀ ਜਾ ਰਹੇ ਨੇਂ

ਤੇਰੇ ਸ਼ਹਿਰ ਦੇ ਬੁਰਜ ਭਰੇ ਨੇਂ ਦਰਦਾਂ ਨਾਲ਼
ਮੇਰੇ ਘਰ ਦੇ ਖੰਡਰ ਨੱਚੀ ਜਾ ਰਹੇ ਨੇਂ

ਕੱਚੇ ਜਹਿਨਾਂ ਵਾਲੀਆਂ ਕੁੜੀਆਂ
ਕੱਚੇ ਘਰ ਦਾ ਵੇਹੜ੍ਹਾ ਛੱਡ ਕੇ
ਸ਼ਹਿਰ ਦੀ ਪੱਕੀਆਂ ਸੜਕਾਂ ਉੱਤੇ
ਮੋਰਾਂ ਵਾਂਗੂ ਪੈਲਾਂ ਪਾਵਣ
ਜੀ ਪ੍ਰਚਾਵਣ
ਸੁਰਮਾ ਭਰੀਆਂ ਅੱਖੀਆਂ ਅੰਦਰ
ਖ਼ਾਬ ਹੁਲਾਰੇ ਖਾਵਣ
ਨਾਜ਼ੁਕ ਨਾਜ਼ੁਕ ਬਾਹਵਾਂ ਦੇ ਵਿੱਚ
ਰੰਗ ਬਰੰਗੀਆਂ ਵੰਗਾਂ ਪਾ ਕੇ
ਛਨ ਛਨ ਛਨ ਛਨਕਾਵਣ
ਭੋਰਾ ਨਾ ਸ਼ਰਮਾਵਣ
ਸ਼ਹਿਰ ਦੀ ਪੱਕੀਆਂ ਸੜਕਾਂ ਉੱਤੇ
ਰੰਗ ਬਰੰਗੀਆਂ ਵੰਗਾਂ ਡਿੱਗਣ
ਤੇ ਟੁੱਟ ਜਾਵਣ
ਸੁਰਮਈ ਅੱਖ ਦੇ ਖ਼ਾਬ ਨਿਮਾਣੇ
ਕੱਚੇ ਘਰ ਮੁੜ ਆਵਣ

O

ਅਪਣੇ ਘਰ ਤੋਂ ਬਾਹਰ ਨਹੀਂ ਜਾਂਦੀ
ਸੋਚ ਸਮੁੰਦਰੋਂ ਪਾਰ ਨਹੀਂ ਜਾਂਦੀ

ਜਿੱਥੇ ਮਾਵਾਂ ਅੱਥਰੂ ਸੁੱਟਣ
ਓਥੋਂ ਰੱਬ ਦੀ ਮਾਰ ਨਹੀਂ ਜਾਂਦੀ

ਮੈਂ ਲੇਖਾਂ ਤੋਂ ਨਹੀਉਂ ਹਰਨਾ
ਜੇਕਰ ਹਿੰਮਤ ਹਾਰ ਨਹੀਂ ਜਾਂਦੀ

ਖ਼ੋਰੇ ਕੱਲ੍ਹ ਨੂੰ ਕੀ ਹੋਣਾ ਏ
ਸਿਰ ਤੋਂ ਇਹ ਤਲਵਾਰ ਨਹੀਂ ਜਾਂਦੀ

ਕਿਵੇਂ ਉਸ ਨੂੰ ਹਾਲ ਅਪੜਾਵਾਂ
ਉਹਦੇ ਸ਼ਹਿਰ ਅਖ਼ਬਾਰ ਨਹੀਂ ਜਾਂਦੀ

O

ਜਾ ਸੀਨੇ ਦੇ ਵਿਚ ਵੱਜਦਾ
ਜੇ ਮਿਸਰਾ ਹੋਵੇ ਚੱਜ ਦਾ

ਇਕ ਬੋਸਾ ਲਿੱਤਾ ਸੋਚ ਨੇ
ਹੁਣ ਖ਼ੂਨ ਰਗਾਂ ਵਿੱਚ ਭੱਜਦਾ

ਕੀ ਕੁੱਝ ਨਹੀਂ ਦਿੱਤਾ ਰੱਬ ਨੇ
ਪਰ ਬੰਦਾ ਨਹੀਉਂ ਰੱਜਦਾ

ਇਕ ਤੁਬਕਾ ਮੀਂਹ ਨਹੀਂ ਸੱਟਿਆ
ਕਿਉਂ ਫਿਰਦਾ ਬੱਦਲ ਗੱਜਦਾ

ਸੱਭ ਪੈਰਾਂ ਹੇਠ ਲਤਾੜਦੇ
ਕੋਈ ਐਬ ਨਾ ਇੱਥੇ ਕੱਜਦਾ

O

ਸਾਰੀ ਵਸਤੀ ਦੁੱਖ ਦੇ ਅੰਦਰ
ਕੋਈ ਤੇ ਦਿੱਸੇ ਸੁਖ ਦੇ ਅੰਦਰ

ਧੁੱਪਾਂ ਦੇ ਵਿੱਚ ਛਾਵਾਂ ਵੰਡੇ
ਕੁੱਝ ਤੇ ਹੈ ਨਾਂ ਰੁੱਖ ਦੇ ਅੰਦਰ

ਤਾਂਬੇ ਵਾਂਗੂ ਲਿਸ਼ਕਾਂ ਮਾਰੇ
ਸੂਰਜ ਏ ਕੀ ਮੁੱਖ ਦੇ ਅੰਦਰ

ਦੁੱਖ ਸਿਆਪੇ ਜੰਮੀ ਜਾਵਣ
ਲੋਖਾਂ ਦੀ ਉੱਸ ਕੁੱਖ ਦੇ ਅੰਦਰ

ਵਾਹ ਓਏ ਮੇਰਿਆ ਸੋਹਣਿਆ ਰੱਬਾ
ਘੱਲਿਆ ਵੀ ਤੇ ਭੁੱਖ ਦੇ ਅੰਦਰ

ਦਿਲ ਵਿੱਚ ਯਾਦਾਂ
ਠੂੰਗਾਂ ਮਾਰਨ
ਜੂੰ ਸ਼ੀਸ਼ੇ ਵਿੱਚ ਕਾਗ
ਉਹਦੀਆਂ ਬਾਤਾਂ
ਮਿੱਠੀਆਂ ਲੱਗਣ
ਜੂੰ ਮੁਰਲੀ ਤੇ ਰਾਗ

## ਸਮਝ ਕੀ ਆਵੇ?

ਨਿੱਕੀ ਗੱਲ ਸਮਝਾਉਣ ਖ਼ਾਤਿਰ
ਕਿੰਨੀਆਂ ਗੁੰਝਲਾਂ ਪਾਂਦੇ ਨੇਂ
ਮੇਰੇ ਸ਼ਹਿਰ ਦੇ ਵੱਡੇ ਸ਼ਾਇਰ
ਤੇ ਕੁੱਝ ਮੁੱਲਾਂ

# ਵਾਹ ਓਏ ਤਰੱਕੀ

ਫ਼ਸਲਾਂ ਦੀ ਥਾਂ
ਇੱਟਾਂ ਉਗੀਆਂ
ਇੱਟਾਂ ਦੇ ਸਿਰ ਉੱਚੇ
ਕੀ ਹੁਣ ਇੱਟਾਂ ਰੋੜੇ ਚੱਬੀਏ
ਬੰਦਾ ਜੇਕਰ ਪੁੱਛੇ

O

ਵੇਖੀਂ ਮੇਰੀ ਗੱਲ ਨਾ ਭੁੱਲੀਂ
ਗੁਜ਼ਰਨ ਵਾਲੀ ਕੱਲ ਨਾ ਭੁੱਲੀਂ

ਦਰਿਆਵਾਂ ਦੇ ਨਸ਼ਿਆਂ ਅੰਦਰ
ਸਾਡੇ ਘਰ ਦੇ ਥਲ ਨਾ ਭੁੱਲੀਂ

ਜਿਹੜੇ ਮੇਰੇ ਨਾਲ ਗੁਜ਼ਾਰੇ
ਨਸ਼ਿਆਂ ਵਰਗੇ ਪੱਲ ਨਾ ਭੁੱਲੀਂ

ਜਿਸ ਦਰਿਆ ਨੇ ਇਸ਼ਕ ਬਚਾਇਆ
ਇਸ ਦਰਿਆ ਦੀ ਛੱਲ ਨਾ ਭੁੱਲੀਂ

ਜਿਹਨੇ ਤੈਨੂੰ ਫਲ ਫੁੱਲ ਲਾਇਆ
ਉਹ ਖੇਤਰ ਉਹ ਹੱਲ ਨਾ ਭੁੱਲੀਂ

## ਆਖ਼ਰੀ ਵੇਲ਼ਾ

ਐਵੇਂ ਦਿਲ ਦਾ ਦੀਵਾ
ਬੁੱਝਦਾ ਜਾਂਦਾ ਏ
ਜਿਵੇਂ ਸ਼ਾਮ ਦਾ ਸੂਰਜ
ਡੁੱਬਦਾ ਜਾਂਦਾ ਏ !

ਸੀਨਿਆਂ ਵਿੱਚੋਂ
ਬੁਗ਼ਜ਼ ਨਹੀਂ ਮਰਦੇ
ਉੱਠਾਂ ਵਰਗੇ ਵੈਰ
ਵੱਸੇ ਕਿਉਂ ਨਾ ਕਹਿਰ !

ਸੂਰਜ ਬਾਲ ਕੇ ਚਾਨਣ ਕੀਤਾ
ਫ਼ੇਰ ਵੀ ਅੱਖਾਂ ਅੰਨ੍ਹੀਆਂ
ਕਿਸ ਨੇ ਕਾਲੇ ਮੰਤਰ ਫੂਕੇ
ਕਿਸ ਨੇ ਮੰਨਤਾਂ ਮੰਨੀਆਂ
ਕਿਸ ਨੇ ਰੰਗ ਲਹੂ ਦਾ ਬਦਲਿਆ
ਕਿਸ ਨੇ ਮੁਸ਼ਕਾਂ ਬੰਨ੍ਹੀਆਂ

O

ਏਨੇ ਸਖ਼ਤ ਸਵਾਲ ਨਾ ਪੁੱਛੋ
ਅੱਜ ਕੱਲ ਸਾਡਾ ਹਾਲ ਨਾ ਪੁੱਛੋ

ਸੋਚ ਹੁਲਾਰੇ ਖਾ ਜਾਂਦੀ ਏ
ਮੈਥੋਂ ਉੱਸ ਦੀ ਚਾਲ ਨਾ ਪੁੱਛੋ

ਉਹਦੀ ਯਾਦ ਦੇ ਘੁੰਘਰੂ ਬੰਨ੍ਹ ਕੇ
ਕਿੰਜ ਮੈਂ ਪਾਈ ਧਮਾਲ ਨਾ ਪੁੱਛੋ

ਚੰਗੇ ਦਿਨ ਵੀ ਆ ਜਾਵਣਗੇ
ਗੁਜ਼ਰਨ ਵਾਲੇ ਸਾਲ ਨਾ ਪੁੱਛੋ

ਬੰਦਾ ਦਿਲ ਦੀ ਖ਼ਾਹਿਸ਼ ਮਾਰ ਕੇ
ਹੁੰਦਾ ਕਿੰਜ ਨਿਢਾਲ ਨਾ ਪੁੱਛੋ

O

ਝੂਠੇ ਦਾਅਵੇਦਾਰ ਬੜੇ ਨੇਂ
ਅੱਜ ਕਲ ਮੇਰੇ ਯਾਰ ਬੜੇ ਨੇਂ

ਉੱਸੇ ਸ਼ਹਿਰ ਦਾ ਦੀਵਾ ਬੁੱਝਿਆ
ਜਿਹੜੀ ਥਾਂ ਦਰਬਾਰ ਬੜੇ ਨੇਂ

ਕੀ ਹੋਇਆ ਜੇ ਉਹ ਨਹੀਂ ਆਇਆ
ਸਾਨੂੰ ਵੀ ਕੰਮ ਕਾਰ ਬੜੇ ਨੇਂ

ਕੋਈ ਨਹੀਂ ਉੱਥੇ ਦਾਰੂ ਕਰਦਾ
ਵੇਖਣ ਨੂੰ ਗ਼ਮਖ਼ਾਰ ਬੜੇ ਨੇਂ

ਸੋਖਾ ਵੇਲ਼ਾ ਆ ਜਾਵੇ ਤੇ
ਆਲ ਦੁਆਲੇ ਯਾਰ ਬੜੇ ਨੇਂ

O

ਅੱਖਾਂ ਨਾਲ ਕਲਾਮ ਨਾ ਕਰ ਨੀ
ਸਾਰਾ ਸ਼ਹਿਰ ਗ਼ੁਲਾਮ ਨਾ ਕਰ ਨੀ

ਲੱਭਿਆਂ ਵੀ ਨਹੀਂ ਲੱਭਣਾ ਜੋਬਨ
ਇਹਨੂੰ ਇੰਜ ਨੀਲਾਮ ਨਾ ਕਰ ਨੀ

ਦੀਵਾ ਆਸ ਦਾ ਬੁੱਝ ਨਾ ਜਾਵੇ
ਛੇਤੀ ਆ ਜਾ ਸ਼ਾਮ ਨਾ ਕਰ ਨੀ

ਮੈਂ ਨਹੀਂ ਤੇਰੇ ਇਸ਼ਕ 'ਚ ਮਰਿਆ
ਮੈਨੂੰ ਇੰਜ ਬਦਨਾਮ ਨਾ ਕਰ ਨੀ

ਬੁੱਲ੍ਹੀਆਂ ਨੂੰ ਬੱਸ ਰਹਿਣ ਦੇ ਬੁੱਲ੍ਹੀਆਂ
ਪਹਿਲੇ ਤੋੜ ਦਾ ਜਾਮ ਨਾ ਕਰ ਨੀ

## ਗ਼ਰੀਬ

ਰੋਜ਼ ਦਿਹਾੜੇ
ਮਰਦਾ ਏ
ਫ਼ਿਰ ਕਿਉਂ ਮਰਨੋਂ
ਡਰਦਾ ਏ ?

## ਜਸ਼ਨ-ਏ- ਆਜ਼ਾਦੀ

ਇੱਟਾਂ ਬੱਠਲ ਚੁੱਕਣ ਵਾਲੇ
ਭਖ਼ਦਾ ਲੋਹਾ ਕੁੱਟਣ ਵਾਲੇ
ਲਹੂ ਦੇ ਅੱਥਰੂ ਸੁੱਟਣ ਵਾਲੇ
ਉੱਸ ਦਿਨ ਜਸ਼ਨ ਮਨਾਵਣਗੇ
ਜਿਸ ਦਿਨ ਰਜਵਾਂ ਖਾਵਣਗੇ

ਫ਼ੇਰ ਅੱਖਾਂ ਵਿੱਚ ਨੱਚਣ ਲੱਗ ਪਏ
ਗੁਜ਼ਰੀ ਰਾਤ ਦੇ ਖ਼ਾਬ
ਬਾਗਾਂ ਦੇ ਵਿੱਚ ਖਿੜੀਆਂ ਕਲੀਆਂ
ਦਿਲ ਵਿੱਚ ਖਿੜੇ ਗੁਲਾਬ
ਬੱਦਲ ਬਣ ਗਏ ਜਾਮ ਨਸ਼ੀਲੇ
ਪਾਣੀ ਬਣੀ ਸ਼ਰਾਬ
ਜ਼ੁਲਫ਼ ਦੇ ਕੁੰਡਲ ਬਣ ਗਏ ਅੱਖਰ
ਸੂਰਤ ਬਣੀ ਕਿਤਾਬ
ਜੀ ਕਰਦਾ ਸੀ ਵੇਖੀ ਜਾਵਾਂ
ਮਿਲਦਾ ਰਹਵੇ ਸਵਾਬ

## ਕਥਾਰਸਿਸ

ਕੋਈ ਵੀ ਬੰਦਾ
ਰਹਿਣ ਨਹੀਂ ਦਿੰਦਾ
ਆਪਣੇ ਦਿਲ ਤੇ ਭਾਰ
ਇੱਕ ਸੱਟ ਲੈਂਦਾ
ਅੰਦਰ ਅੱਥਰੂ
ਇੱਕ ਸੱਟ ਲੈਂਦਾ ਬਾਹਰ

## ਇਕ ਬੋਲੀ ਲਹੌਰ ਲਈ

ਬਾਰ੍ਹੀਂ ਬਰਸੀ ਖੱਟਣ ਗਿਆ ਸੀ
ਖੱਟ ਕੇ ਲਿਆਂਦੇ ਤਾਰੇ
ਬੱਸ ਜੀਵੇ ਤਖ਼ਤ ਲਹੌਰ ਦਾ
ਭਾਵੇਂ ਮਰ ਜਾਣ ਸਾਰੇ

## ਕਠਪੁਤਲੀਆਂ

ਸਾਡੇ ਤਖ਼ਤ ਤੇ ਆਣ  ਬੈਠੀਆਂ ਨੇਂ
ਕਾਠ ਦੀਆਂ ਪੁਤਲੀਆਂ
ਜਿਹਨਾਂ ਦੇ ਧਾਗਿਆਂ  'ਚ ਜ਼ਹਿਰ ਭਰੇ ਨੇਂ
ਜ਼ਹਿਰ ਸਮੁੰਦਰੋਂ ਪਾਰ ਦੇ
ਕਠਪੁਤਲੀਆਂ
ਜਿਹਨਾਂ ਨੂੰ ਸੁਣਦੀਆਂ ਨਹੀਂ ਚੀਕਾਂ ਡਿੱਗਦੇ ਅਸਮਾਨ ਦੀਆਂ
ਨਾ ਰੂੜੀਆਂ ਤੇ ਡਿੱਗੇ ਬਾਲ ਦਿੱਸਣ
ਨਾ ਫ਼ਸਲਾਂ ਦੇ ਕਾਲ਼ ਦਿੱਸਣ
ਨਾ ਰੁੱਖਾਂ ਦੇ ਹਾਲ ਦਿੱਸਣ
ਨਾ ਦੁਸ਼ਮਨ ਦੇ ਜਾਲ਼ ਦਿੱਸਣ
ਇਹ ਕਾਠ ਦੀਆਂ ਪੁਤਲੀਆਂ ਨੇਂ
ਇਨ੍ਹਾਂ ਦੇ ਸਿਰਾਂ ਤੇ ਤਾਜ ਨੇਂ
ਕਰਜ਼ ਦਿਆਂ ਹੀਰਿਆਂ ਦੇ
ਇਹ ਕਾਠ ਦੀਆਂ ਪੁਤਲੀਆਂ ਨੇਂ
ਇਹ ਸਾਡੀ ਖ਼ਾਤਿਰ ਨੱਚਦੀਆਂ ਵੀ ਨਹੀਂ
ਇਹ ਸਾਡੇ ਮਗਰੋਂ ਲੱਥਦੀਆਂ ਵੀ ਨਹੀਂ

O

ਜਦ ਮੈਂ ਇੱਕ ਮਜ਼ਦੂਰ ਸੀ ਲੋਕੋ
ਲਾਲਚ ਲੋਭ ਤੋਂ ਦੂਰ ਸੀ ਲੋਕੋ

ਜੇ ਉਹ ਪਿਆਰ ਨੂੰ ਤਰਸ ਰਿਹਾ ਸੀ
ਮੈਂ ਵੀ ਤੇ ਮਜਬੂਰ ਸੀ ਲੋਕੋ

ਕਾਲੀ ਰੁੱਤ ਚੜ੍ਹਨ ਤੋਂ ਪਹਿਲਾਂ
ਚੰਨ ਤੇ ਕਿੰਨਾ ਨੂਰ ਸੀ ਲੋਕੋ

ਰੋਟੀ ਵੇਖ ਕੇ ਭੱਖ਼ ਗਿਆ ਸੀ
ਅੱਖਾਂ ਵਿੱਚ ਤੰਦੂਰ ਸੀ ਲੋਕੋ

ਸਾਨੂੰ ਗੱਲ ਦਾ ਵੱਲ ਨਾ ਆਇਆ
ਚੋਹਾਂ ਪਾਸੇ ਤੂਰ ਸੀ ਲੋਕੋ

## ਵਿਛੋੜਾ

ਲਹੂ ਨਾਲ਼ ਲਿੱਖੀਆਂ
ਚਿੱਠੀਆਂ ਘੱਲੀਆਂ
ਲੱਖਾਂ ਤਰਲੇ ਪਾਏ
ਸਾਨੂੰ ਛੱਡ ਕੇ
ਜਾਵਣ ਵਾਲੇ
ਫ਼ੇਰ ਨਾ ਮੁੜ ਕੇ ਆਏ

# ਇਕ ਹੋਰ ਮਾਯੂਸੀ

ਠੰਢੀਆਂ ਹਾਵਾਂ
ਦੋਜ਼ਖ਼ ਸਾਹਵਾਂ
ਗੁੰਝਲ ਰਾਹਵਾਂ
ਕਿੱਧਰ ਜਾਵਾਂ ?

ਅਸਾਂ ਬਰਫ਼ਾਂ ਵਾਂਗਰ ਠੰਢੇ ਸੀ
ਤੇਰੇ ਦੁੱਖ ਨੇ ਸਾਨੂੰ ਸਾੜਤਾ
ਤੂੰ ਲੁੱਟ ਲਏ ਹਾਸੇ ਬੁੱਲ੍ਹੀਆਂ ਦੇ
ਤੂੰ ਵੱਸਦਾ ਦਿਲ ਉਜਾੜਤਾ

## ਪਿਛਲੇ ਪਹਿਰ ਦੀ ਨਜ਼ਮ

ਨਾ ਉਹ ਪਿੰਡ ਦੇ ਪਿੱਪਲ ਰਹਿ ਗਏ
ਨਾ ਪਿੱਪਲਾਂ ਦੀਆਂ ਛਾਵਾਂ
ਨਾ ਉਹ ਵੱਸਦੇ ਵੇੜ੍ਹੇ ਰਹਿ ਗਏ
ਨਾ ਉਹ ਵੱਸਦੀਆਂ ਰਾਹਵਾਂ
ਨਾ ਉਹ ਜ਼ੁਲਫ਼ ਦੇ ਕੁੰਡਲ ਬਾਕੀ
ਨਾ ਉਹ ਸੰਦਲ ਬਾਹਵਾਂ
ਨਾ ਹੁਣ ਗਰਮੀ ਲਹੂ ਦੇ ਅੰਦਰ
ਨਾ ਹੁਣ ਤੱਤੀਆਂ ਸਾਹਵਾਂ
ਹੁਣ ਪੱਲੇ ਕੀ ਰਹਿ ਗਿਆ ਸਾਡੇ
ਹੋਕੇ ਤੇ ਬੱਸ ਹਾਵਾਂ

# ਇਕਲਾਪਾ

(ਮੁਹਤਰਮ ਸਲੀਮ ਅਕਰਮ ਕੁਰੈਸ਼ੀ ਦੀ ਨਜ਼ਰ)

ਮੈਂ ਆਂ ਕੱਲਮ ਕੱਲਾ ਐਥੇ
ਜਿਵੇਂ ਥੱਲ ਦਾ ਰੁੱਖ
ਮੇਰੇ ਅੰਦਰ ਭੌਂਜਿਆ ਫਿਰਦਾ
ਇਕਲਾਪੇ ਦਾ ਦੁੱਖ
ਮੈਨੂੰ ਮਰਿਆ ਵੇਖ ਕੇ ਮਰ ਗਈ
ਮੇਰੇ ਮਨ ਦੀ ਭੁੱਖ
ਲੱਕੜ ਵਾਂਗਰ ਸੜ ਗਈ ਉੱਤੋਂ
ਕੋਰੇ ਲੇਖ ਦੀ ਕੁੱਖ
ਹੁਣ ਤੇ ਸਿਰ ਤੋਂ ਚੁੱਕ ਲੈ ਰੱਬਾ
ਇਕਲਾਪੇ ਦਾ ਭਾਰ
ਬੰਦਾ ਕੱਲਾ ਰਹਿ ਨਹੀਂ ਸਕਦਾ
ਦੁਨੀਆ ਦੇ ਵਿਚਕਾਰ

ਨਾ ਮੁੱਲਾਂ ਨਾ ਪੰਡਤ ਮੰਨੇ
ਨਾ ਅੰਦਰ ਦਾ ਸ਼ੋਰ
ਅਸਾਂ ਅੰਦਰੋਂ ਬਾਹਰੋਂ ਚੋਰ
ਸਾਡਾ ਹਾਲ ਪੁਰਾਣੀਆਂ ਕਿੱਕਰਾਂ ਦਾ
ਸਾਡੀ ਕਿਸਮਤ ਨਵੇਂ ਨਕੋਰ
ਅਸਾਂ ਤਾਰੇ ਪਿਛਲੀ ਰਾਤ ਦੇ
ਅਸਾਂ ਉਮਰਾਂ ਤੋਂ  ਆਂ ਜਾਗਦੇ
ਸਾਡਾ ਹਾਲ ਪਛਾਣੇ ਕੌਣ
ਸਾਨੂੰ ਪੰਖ ਪਖੇਰੂ ਰੋਣ

O

ਐਵੇਂ ਗੱਲਾਂ ਕਰਦਾ ਏ
ਕੌਣ ਕਿਸੇ ਲਈ ਮਰਦਾ ਏ

ਜਿਹੜਾ ਹਰਨੋਂ ਡਰਦਾ ਏ
ਉਹੀ ਇੱਥੇ ਹਰਦਾ ਏ

ਜਿਹੜਾ ਜਿੰਨਾ ਤਗੜਾ ਏ
ਓਨਾ ਅੰਦਰੋਂ ਡਰਦਾ ਏ

ਤੂੰ ਤੇ ਪੱਥਰ ਹੁੰਦਾ ਸੀ
ਹੁਣ ਕੀ ਅੱਖ ਵਿੱਚ ਤਰਦਾ ਏ

ਤੂੰ ਕਿਉਂ ਚਰਖ਼ਾ ਭੰਨਿਆ ਏ
ਉਹ ਤੇ ਘਰ ਵਿੱਚ ਸਰਦਾ ਏ

O

ਦਿਲ ਦੇ ਤਾਰ ਹਿਲਾ ਜਾਂਦਾ ਏ
ਜਦ ਵੀ ਚੇਤੇ ਆ ਜਾਂਦਾ ਏ

ਰੋ–ਰੋ ਕੇ ਮੈਂ ਖ਼ਾਬ ਸਵਾਵਾਂ
ਹੱਸ ਕੇ ਫ਼ੇਰ ਜਗਾ ਜਾਂਦਾ ਏ

ਕੰਨਾਂ ਦੇ ਵਿੱਚ ਤਾਰੇ ਪਾ ਕੇ
ਚੰਨ ਭੁਲੇਖੇ ਪਾ ਜਾਂਦਾ ਏ

ਜਦ ਵੀ ਝਾਤੀ ਮਾਰਾਂ ਅੰਦਰ
ਘੁੱਪ ਅਨ੍ਹੇਰਾ ਛਾ ਜਾਂਦਾ ਏ

ਰੋਗ ਇਸ਼ਕ ਦਾ ਕੁੱਝ ਨਹੀਂ ਕਹਿੰਦਾ
ਅੰਦਰੋ ਅੰਦਰੀ ਖਾ ਜਾਂਦਾ ਏ

O

ਦਿਨ ਦੇ ਮੂੰਹ ਤੇ ਰਾਤ ਦੀ ਕਾਲਕ ਮੱਲ ਜਾਂਦੇ ਨੇਂ
ਜਿਹੜੇ ਸੂਰਜ ਸ਼ਿੱਕਰ ਦੁਪਹਿਰੀਂ ਢੱਲ ਜਾਂਦੇ ਨੇਂ

ਥੱਕਿਆ ਟੁੱਟਿਆ ਜਦ ਵੀ ਮਾਂ ਦੇ ਪੈਰੀਂ ਡਿੱਗਿਆ
ਪੱਥਰਾਂ ਵਰਗੇ ਦੁੱਖ ਵੀ ਸਿਰ ਤੋਂ ਟਲ਼ ਜਾਂਦੇ ਨੇਂ

ਤੀਲ਼ੀ ਤੇਲ ਤੇ ਬਾਲਣ ਦੀ ਕੋਈ ਲੋੜ ਨਹੀਂ ਜੇ
ਸੱਚੀ ਗਲ ਦੇ ਨਾਲ਼ ਵੀ ਭਾਂਬੜ ਬਲ ਜਾਂਦੇ ਨੇਂ

ਅੱਗ ਪਾਣੀ ਦਾ ਮੇਲ ਵੇਖ ਕੇ ਕਾਹਦੀ ਹੈਰਤ
ਕਦੀ ਕਦੀ ਤੇ ਲੇਖ ਵੀ ਕਿੱਧਰੇ ਰੱਲ ਜਾਂਦੇ ਨੇਂ

ਤੀਲਾ ਤੀਲਾ ਜੋੜ ਕੇ ਚਿੜੀਆਂ ਘਰ ਬਣਾਵਣ
ਮੌਸਮ ਇਕ ਦਮ ਲਾਲ ਅਨ੍ਹੇਰੀ ਘੱਲ ਜਾਂਦੇ ਨੇਂ

ਕੋਈ ਡੈਣ ਸਮੰਦਰੋਂ ਪਾਰ ਦੀ
ਸਾਡਾ ਵੱਸਦਾ ਘਰ ਉਜਾੜ ਗਈ
ਸਾਨੂੰ ਅੰਦਰੋਂ ਬਾਹਰੋਂ ਸਾੜ ਗਈ

O

ਇਸ਼ਕ ਬੁਲਾਵੇ ਦਰਿਆ ਪਾਰ
ਘੜੀਆਂ ਦਾ ਵੀ ਨਹੀਂ ਇਤਬਾਰ

ਤੂੰ ਕੋਈ ਪਾਕ ਸਹੀਫ਼ਾ ਏਂ
ਵਿਰਦ ਕਰਾਂ ਮੈਂ ਮਰਦੀ ਵਾਰ

ਦੋਵੇਂ ਜਾਗ ਰਹੇ ਨੇਂ ਫ਼ੇਰ
ਦਿਲ ਦਾ ਚੋਰ ਤੇ ਪਹਿਰੇਦਾਰ

ਅੱਗ ਬਰੂਦ ਤੇ ਕਾਲ਼ ਦੀ ਪੰਡ
ਭੁੱਖੇ ਢਿੱਡ ਤੇ ਕਿੱਡਾ ਭਾਰ

ਕਿੰਜ ਲਿੱਖਾਂ ਮੈਂ ਲਾਲ਼ ਗੁਲਾਬ
ਬਹਿ ਕੇ ਕੰਡਿਆਂ ਦੇ ਵਿੱਚਕਾਰ

O

ਅਪਣੀ ਗੱਲ ਤੇ ਅੜੀ ਆਂ
ਤਾਹੀਓਂ ਤੇਰੇ ਖੜੀ ਆਂ

ਤੇਰੇ ਨਾਂ ਦੀ ਮੁੰਦਰੀ ਉੱਤੇ
ਵੇਖ ਲੈ ਹੀਰਿਆਂ ਜੜੀ ਆਂ

ਐਵੇਂ ਨਹੀਂ ਮੈਂ ਕੁੰਦਨ ਹੋ ਗਈ
ਕਾਨਿਆਂ ਕੱਖਾਂ ਵਾਂਗ ਸੜੀ ਆਂ

ਏਸ ਇਸ਼ਕ ਦੀ ਸੂਲੀ ਉੱਤੇ
ਅਪਣੀ ਮਰਜ਼ੀ ਚੜ੍ਹੀ ਆਂ

ਤੇਰੇ ਪਿਆਰ ਦੀ ਖ਼ਾਤਿਰ ਝੱਲਿਆ
ਦਿਨ ਲੜੀ ਆਂ ਰਾਤ ਲੜੀ ਆਂ

## ਤੁਸਾਂ ਉੱਚੇ ਬੁਰਜ ਲਹੌਰ ਦੇ

(ਅਲੀ ਅਰਸ਼ਦ ਮੀਰ ਦੀ ਕੂਕ)

ਤੁਸਾਂ ਉੱਚੇ ਬੁਰਜ ਲਹੌਰ ਦੇ
ਤੁਹਾਡੀਆਂ ਅੱਖਾਂ ਨੇਂ ਅਸਮਾਨ ਤੇ
ਅਸਾਂ ਵਾਸੀ ਥੱਲ ਦਿਆਂ ਟਿੱਬਿਆਂ ਦੇ
ਅਸਾਂ ਧੁੱਪਾਂ ਪੀ–ਪੀ ਸੜਦੇ ਰਹੇ
ਅਸਾਂ ਜੀਵਨ ਲੱਭਣ ਨਿਕਲੇ ਸੀ
ਅਸਾਂ ਘੁੱਟ ਘੁਟ ਅੰਦਰੋਂ ਮਰਦੇ ਰਹੇ
ਤੁਸਾਂ ਤੱਕਿਆ ਨਹੀਂ ਅਸਾਂ ਦੱਸਿਆ ਨਹੀਂ
ਸਾਡੇ ਪੈਰਾਂ ਵਿੱਚ ਜ਼ੰਜੀਰਾਂ ਨੇਂ
ਕੁੱਝ ਨਿੱਕੀਆਂ ਵੱਡੀਆਂ ਰਸਮਾਂ ਨੇਂ
ਕੁੱਝ ਵਾਅਦੇ ਨੇਂ ਕੁੱਝ ਕਸਮਾਂ ਨੇਂ
ਕਿਵੇਂ ਕਸਮਾਂ ਰਸਮਾਂ ਤੋੜ ਦਈਏ
ਕਿਵੇਂ ਰੂਹ ਨੂੰ ਮਰਦਾ ਛੋੜ ਦਈਏ

ਤੁਸਾਂ ਉੱਚੇ ਬੁਰਜ ਲਹੌਰ ਦੇ
ਤੁਹਾਡੀਆਂ ਅੱਖਾਂ ਨੇਂ ਅਸਮਾਨ ਤੇ
ਅਸਾਂ ਟਿੱਬਿਆਂ ਵਿੱਚ ਗਵਾਚ ਗਏ

ਅਸਾਂ ਚੀਕਦੇ ਰਹੇ ਤੁਸਾਂ ਸੁਣਿਆ ਨਹੀਂ
ਤੁਸਾਂ ਤਾਰੇ ਚੁਣ ਚੁਣ ਹੱਸਦੇ ਰਹੇ
ਕੋਈ ਮੋਤੀ ਥੱਲ ਦਾ ਚੁਣਿਆ ਨਹੀਂ

ਤੁਸਾਂ ਉੱਚੇ ਬੁਰਜ ਲਹੌਰ ਦੇ
ਤੁਹਾਡੀਆਂ ਅੱਖਾਂ ਨੇਂ ਅਸਮਾਨ ਤੇ
ਅਸਾਂ ਭਾਵੇਂ ਥੱਲ ਵਾਸੀ ਆਂ
ਅਸਾਂ ਥੱਲ ਵਿੱਚ ਫੁੱਲ ਖਿੜਾ ਲਾਂ ਗੇ
ਅਸਾਂ ਨੀਵਿਆਂ ਨਾਲ਼ ਨਿਭਾ ਲਾਂ ਗੇ
ਅਸਾਂ ਅਪਣਾ ਸ਼ਹਿਰ ਵਸਾ ਲਾਂ ਗੇ

## ਵਿਛੋੜੇ ਦਾ ਦੁੱਖ

ਜਾਂਦੀ ਵਾਰੀ ਤੱਕ ਤੇ ਲੈਂਦਾ
ਹਾਲ ਨਿਮਾਣਿਆਂ ਰੁੱਖਾਂ ਦੇ
ਟਹਿਣੀਆਂ ਤੇ ਸਨ ਰੋਂਦੇ ਪੰਛੀ
ਅੰਦਰ ਭਾਂਬੜ ਦੁੱਖਾਂ ਦੇ